SO KAHIYAT HAI SOORA (Monthly)
Volume 8 Issue 06
June 2022, S.A.S. Nagar (Mohali).

RNI Registration No: PUNPUN/2015/61118

ਜੂਨ 2022
ਜੇਠ-ਹਾੜ
੫੫੪ ਨਾਨਕਸ਼ਾਹੀ
₹ 20

# ਸੋ ਕਹੀਅਤ ਹੈ ਸੂਰਾ



## ਪ੍ਰਾਨੀ ਕਉਨੁ ਉਪਾਉ ਕਰੈ

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਸੱਚੇ ਰਮਤ ਰਾਮ ਵਾਹਿਗੁਰੂ ਨਾਮ ਦਾ ਅਭਿਆਸ

ਸੱਚੇ ਰਮਤ ਰਾਮ ਵਾਹਿਗੁਰੂ ਨਾਮ ਦੇ ਅਭਿਆਸ ਬਿਨਾਂ ਐਵੇਂ ਉਲਝ ਉਲਝ ਕੇ ਹੀ ਮਰਨ ਵਾਲੀ ਗੱਲ ਹੈ। ਜੋ ਆਨਮਤੀ ਲੋਕ ਹੱਥਾਂ ਵਿਚ ਡੰਡਾ ਕਰਮੰਡਲ ਫੜੀ ਫਿਰਦੇ ਹਨ ਅਤੇ ਬੋਦੀ ਸਿਖਾ ਸੂਤ ਧੋਤੀ ਬੰਨ੍ਹ ਕੇ ਤੀਰਥਾਂ 'ਤੇ ਗਵਨ ਕਰਦੇ ਅਤੇ ਭਰਮਨ ਕਰਦੇ ਫਿਰਦੇ ਹਨ, ਇਹਨਾਂ ਨੂੰ ਗੁਰੂ ਘਰ ਤੋਂ ਰਮਤ ਰਾਮ ਵਾਹਿਗੁਰੂ ਨਾਮ ਪ੍ਰਾਪਤ ਹੋਏ ਬਿਨਾਂ ਕਦੇ ਵੀ ਸੱਚੀ ਸ਼ਾਂਤੀ ਨਹੀਂ ਆਉਣੀ। ਉਨ੍ਹਾਂ ਦਾ ਪਾਰ-ਉਤਾਰਾ ਹੋਣਾ ਹੈ ਤਾਂ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਹੀ ਹੋਣਾ ਹੈ।
ਬੜੀਆਂ ਬੜੀਆਂ ਮਸਨੂਈ ਜਟਾਵਾਂ ਵਧਾ ਕੇ, ਉਨ੍ਹਾਂ ਨੂੰ ਸੀਸ 'ਤੇ ਬੰਨ੍ਹ ਕੇ ਆਪਣੇ ਜੂੜੇ (ਮੁਕਟ) ਬਣਾਈ ਫਿਰਦੇ ਹਨ ਅਤੇ ਸਰੀਰ ਤੇ ਭਸਮ ਲਗਾਈ ਫਿਰਦੇ ਹਨ ਅਤੇ ਬਸਤਰ ਛੋਡ ਕੇ ਤਨ ਨਗਨ ਕਰੀ ਫਿਰਦੇ ਹਨ, ਇਹ ਸਭ ਭਰਮ-ਭੁਲਾਵੇ ਵਾਲੇ ਭੇਖ ਹਨ, ਇਨ੍ਹਾਂ ਨਾਲ ਤ੍ਰਿਪਤੀ ਕਦੇ ਨਹੀਂ ਆਉਣੀ।
ਤ੍ਰਿਪਤੀ ਆਉਣੀ ਹੈ ਤਾਂ ਰਮਤ ਰਾਮ ਵਾਹਿਗੁਰੂ ਨਾਮ ਤੋਂ ਹੀ ਆਉਣੀ ਹੈ। ਉਨ੍ਹਾਂ ਦੇ ਪੂਰਬਲੇ ਕਰਮਾਂ ਦੀ ਗਤੀ ਹੀ ਐਸੀ ਹੈ ਕਿ ਜਿਸ ਦੇ ਬਧੇ ਹੋਏ ਉਹ ਕੇਵਲ ਭੇਖ ਹੀ ਭੇਖ, ਡਿੰਭ ਹੀ ਡਿੰਭ ਧਾਰਨ ਕਰੀ ਫਿਰਦੇ ਹਨ। ਜਲ ਥਲ ਮਹੀਅਲ ਵਿਖੇ ਜਿਤਨੇ ਵੀ ਜੀਅ ਜੰਤ ਹਨ, ਜਿਥੇ ਕਿਥੇ, ਭਾਵ ਸਭਨੀ ਥਾਈਂ ਤੂੰ ਸਰਬ ਜੀਆਂ ਅੰਦਰ ਵਰਤ ਰਿਹਾ ਹੈਂ, ਹੇ ਵਾਹਿਗੁਰੂ! ਪ੍ਰੰਤੂ ਗੁਰੂ ਦੇ ਪ੍ਰਸਾਦ ਕਿਰਪਾ ਦਵਾਰਾ ਤੂੰ ਤਿਸੇ ਗੁਰਮੁਖਿ ਜਨ ਨੂੰ ਇਸ ਘੁੰਮਣ-ਘੇਰੀ ਤੋਂ ਰਖ ਲੈਂਦਾ ਹੈਂ, ਜਿਸ ਨੇ ਗੁਰੂ ਨਾਨਕ ਦੇ ਘਰ ਤੋਂ ਵਿਹਾਝ ਕੇ ਝੋਲਿ ਝੋਲਿ ਹਰਿ ਰਸ ਪੀਤਾ ਹੈ।

**SO KAHIYAT HAI SOORA**
(Monthly)

**RNI NO: PUNPUN/2015/61118**

Volume 8 Issue 06

### ਸਰਪ੍ਰਸਤ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।**

### ਸੰਪਾਦਕ

**ਭਾਈ ਅਮਰਦੀਪ ਸਿੰਘ ਅਮਰ**

### ਕਾਨੂੰਨੀ ਸਲਾਹਕਾਰ

**ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ**

### ਸਲਾਹਕਾਰ ਬੋਰਡ

**ਭਾਈ ਹਰਦਿਆਲ ਸਿੰਘ ਗੁਰਦਾਸਪੁਰ,**
**ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,**
**ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,**
**ਭਾਈ ਇੰਦਰਜੀਤ ਸਿੰਘ ਵੈਨਕੂਵਰ।**

ਮੁੱਖ ਦਫ਼ਤਰ
**ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)**
**ਪਿੰਨ : 160059**
**ਫ਼ੋਨ ਨੰਬਰ : 93177-53202**
**e-mail : akjmagzine@yahoo.com**

Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR

# ਸੰਪਾਦਕੀ

## ਸਿੱਖ ਤਵਾਰੀਖ਼ ’ਚ ਜੂਨ ਮਹੀਨਾ...

ਸਿੱਖ ਤਵਾਰੀਖ਼ ਦੇ ਪੱਤਰਿਆਂ ਨੂੰ ਫ਼ਰੋਲੀਏ ਤਾਂ ਜੂਨ ਦਾ ਮਹੀਨਾ ਸਿੱਖ-ਹੋਂਦ-ਹਸਤੀ ਨੂੰ ਦਰਪੇਸ਼ ਵੱਡੇ ਕੌਮੀ ਸੰਕਟਾਂ ਦੇ ਰੂ-ਬ-ਰੂ ਅਭੁੱਲ ਕਿਹਾ ਜਾ ਸਕਦਾ ਹੈ। ਜੂਨ ਦੇ ਮਹੀਨੇ ਨਾਲ ਹੱਕ-ਸੱਚ ਖ਼ਾਤਰ ਲੜੇ ਗਏ ਸਿੱਖ-ਸੰਘਰਸ਼ ਦਾ ਬਹੁਤ ਡੂੰਘਾ ਸਬੰਧ ਨਜ਼ਰ ਆਉਂਦਾ ਹੈ। ਜੂਨ ਦੇ ਮਹੀਨੇ ਹੀ ਵਕਤ ਦੀ ਕੱਟੜ੍ਹ ਮਜ਼ਬੀ ਅਤੇ ਅੱਤਿਆਚਾਰੀ ਮੁਗ਼ਲ ਸਰਕਾਰ ਨੇ ਪਿਆਰ ਦੀ ਸਾਕਾਰ ਮੂਰਤ ਤੇ ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਆਉਣ ਵਾਲਾ ਸਮੁੱਚਾ ਸਿੱਖ ਇਤਿਹਾਸ ਜੇਕਰ ਗੁਰੂ ਜੀ ਦੀ ਸੰਨ ੧੬੦੬ ਵਿਚ ਜੂਨ ਮਹੀਨੇ ਹੋਈ ਇਸ ਸ਼ਹਾਦਤ ਦੇ ਆਧਾਰ ’ਤੇ ਉੱਸਰਿਆ ਆਖ ਦਿੱਤਾ ਜਾਏ ਤਾਂ ਇਹ ਕੋਈ ਅਤਿਕਥਨੀ ਨਹੀਂ। ਜੂਨ ੧੯੮੪ ਦਾ ਸਿੱਖਾਂ ਦੇ ਪਰਮ ਪਾਵਨ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਜਾਬ ਭਰ ਦੇ ਚਾਲੀ ਗੁਰਦੁਆਰਿਆਂ ’ਤੇ, ਦੇਸ਼ ਦੀ ਲੋਕਤੰਤਰੀ ਅਖਵਾਉਂਦੀ ਸਰਕਾਰ ਵਲੋਂ ਕੀਤਾ ਗਿਆ ਹਮਲਾ, ਸਿੱਖਾਂ ਦੇ ਕੌਮੀ ਵਜੂਦ ਨੂੰ ਡੂੰਘੀ ਸੱਟ ਮਾਰਨ ਦੇ ਕੋਝੇ ਤੇ ਕਰੂਪ ਮਨਸੂਬਿਆਂ ਦੀ ਸਪੱਸ਼ਟ ਝਲਕ ਦਿੰਦਾ ਹੈ। ਇਹ ਕਿੰਨਾ ਗਿਣਿਆ-ਮਿਥਿਆ ਤੇ ਸੋਚਿਆ-ਵਿਚਾਰਿਆ ਹਮਲਾ ਸੀ- ਇਸ ਸਬੰਧੀ ਸੱਚ ਹੌਲੀ-ਹੌਲੀ ਦੁਨੀਆ ਦੇ ਸਾਹਮਣੇ ਜ਼ਾਹਰ ਹੋ ਰਿਹਾ ਹੈ। ਇਸ ਸਮੂਹਿਕ ਹਮਲੇ ਵਾਸਤੇ ਅਤਿ ਸ਼ਾਤਰ ਸ਼ਾਸਕਾਂ ਵਲੋਂ ਇਕ ਮਾਹੌਲ ਤਿਆਰ ਕਰ ਲਿਆ ਗਿਆ ਸੀ। ਅਣਗਿਣਤ ਸਿੱਖ ਸੰਗਤਾਂ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੀ ਕਰੁਣਾਮਈ ਸਿਮਰਤੀ ’ਚ ਗੁਰੂ-ਘਰਾਂ ਵਿਖੇ ਹਾਜ਼ਰੀ ਭਰ ਰਹੀਆਂ ਸਨ, ਨੂੰ ਮੁਲਕ ਦੀ ਫ਼ੌਜ ਨੇ ਤਤਕਾਲੀ ਸ਼ਾਸਕਾਂ ਦੇ ਆਦੇਸ਼ ਅਨੁਸਾਰ ਸ਼ਹੀਦ ਕਰਕੇ ਆਪਣੇ ਤਥਾ-ਕਥਿਤ ਲੋਕਤੰਤਰੀ ਮੂੰਹ-ਮੱਥੇ ’ਤੇ ਕਲੰਕ ਦਾ ਇਕ ਅਜਿਹਾ ਟਿੱਕਾ ਲਵਾ ਲਿਆ ਜੋ ਰਹਿੰਦੀ ਦੁਨੀਆ ਤੱਕ ਕਦੇ ਵੀ ਉਤਰ ਨਹੀਂ ਸਕਦਾ।

੨੫ ਜੂਨ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਵਸ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਕੇ ‘ਸਿੰਘ’ ਸਜ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਤਤਕਾਲੀ ਜ਼ਾਲਮ ਮੁਗ਼ਲ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਦਸਮ ਪਾਤਸ਼ਾਹ ਦੇ ਨੰਨ੍ਹੇ ਲਾਲਾਂ ’ਤੇ ਅਸਹਿ ਜ਼ੁਲਮ ਵਰਤਾਉਣ ਵਾਲੀ ਸਰਹਿੰਦ ਦੀ ਹਸਤੀ ਹੀ ਮਿਟਾ ਦਿੱਤੀ ਸੀ। ਲੇਕਿਨ ਐਸੇ ਸਮੇਂ ਵੀ ਇੱਥੋਂ ਦੀਆਂ ਮਸਜਿਦਾਂ ਦੀ ਅਜ਼ਮਤ ਨੂੰ ਠੇਸ ਤੱਕ ਨਹੀਂ ਪਹੁੰਚਣ ਦਿੱਤੀ। ਇਹ ਸਰਬ-ਸਾਂਝੀਵਾਲਤਾ ਅਤੇ ਧਾਰਮਿਕ ਸੁਤੰਤਰਤਾ ਪ੍ਰਤੀ ਸਿੱਖ ਧਰਮ ਦੀ ਬੇਮਿਸਾਲ ਸਾਕਾਰਾਤਮਕ ਨਿਰਮਲ ਦ੍ਰਿਸ਼ਟੀ ਤੇ ਸਦਭਾਵਨਾ ਨੂੰ ਪ੍ਰਤੀਬਿੰਬਤ ਕਰਦਾ ਹੈ। ਕਾਸ਼! ਤਤਕਾਲੀ ਹਕੂਮਤ ਸਿੱਖਾਂ ਦੀ ਮਸਜਿਦਾਂ ਸਬੰਧੀ ਅਪਣਾਈ ਪਹੁੰਚ ਦਾ ਹੀ ਕੁਝ ਵਿਸ਼ਲੇਸ਼ਣ ਕਰ ਲੈਂਦੀ! ਬਾਬਾ ਜੀ ਦੀ ਸ਼ਹਾਦਤ ਦੀ ਗਾਥਾ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਹੈ। ਇਹ ਸ਼ਹਾਦਤ ਸੰਨ ੧੭੧੬ ’ਚ ਹੋਈ।

੨੯ ਜੂਨ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦਾ ਦਿਵਸ ਹੋਣ ਕਰਕੇ ਸਿੱਖ ਮਾਨਸਿਕਤਾ ਨੂੰ ਸੁਭਾਵਿਕ ਹੀ ਪੀੜਤ ਕਰਦਾ ਹੈ। ਆਪ ਦਾ ਅਕਾਲ ਚਲਾਣਾ ਸੰਨ ੧੮੩੯ ’ਚ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦਾ ਆਦਰਸ਼ ਖ਼ਾਲਸਾ ਰਾਜ ਮਹਾਰਾਜੇ ਦੇ ਇਸ ਫ਼ਾਨੀ ਦੁਨੀਆ ਤੋਂ ਜਾਣ ਸਾਰ ਹੀ ਚਲਾ ਗਿਆ ਸੀ ਜਿਸ ਨੂੰ ਸਿੱਖ ਹੀ ਨਹੀਂ ਸਗੋਂ ਸਮੂਹ ਪੰਜਾਬੀ ਵੀ ਉਦੋਂ ਤੋਂ ਅਜੇ ਤੱਕ ਚਿਤਵਦੇ ਤੇ ਯਾਦ ਕਰਦੇ ਆ ਰਹੇ ਹਨ। ਸਿੱਖ ਸੰਘਰਸ਼ ਅੱਜ ਵੀ ਮੁੱਕਿਆ ਨਹੀਂ। ਇਹ ਅਜੇ ਵੀ ਜਾਰੀ ਹੈ। ਹੱਕ-ਸੱਚ ਲਈ ਉਠਾਈ ਜਾਂਦੀ ਹਰ ਆਵਾਜ਼ ਨੂੰ ਦਬਾਉਣ ਦਾ ਸਦੀਆਂ ਤੋਂ ਤੁਰਿਆ ਆ ਰਿਹਾ ਅਣਚਾਹਿਆ ਤੇ ਅਣਮਨੁੱਖੀ ਵਰਤਾਰਾ ਅੱਜ ਵੀ ਵਰਤ ਰਿਹਾ ਹੈ ਤੇ ਜੂਨ ਮਹੀਨਾ ਸਿੱਖ ਮਾਨਸਿਕਤਾ ਨੂੰ ਜ਼ੁਲਮ ਦੇ ਖਿਲਾਫ਼ ਪੰਚਮ ਪਾਤਸ਼ਾਹ ਵਲੋਂ ਦਿਖਾਏ ਮਾਰਗ ਦੀ ਯਾਦ ਦਿਵਾਉਂਦਾ ਰਹਿੰਦਾ ਹੈ ਤੇ ਦਿਵਾਉਂਦਾ ਰਹੇਗਾ।

### ਬੇਨਤੀ

**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੱਧ ਜਾਂ ਸਾਡੇ ਮੁੱਖ ਦਫ਼ਤਰ ’ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਅੰਕ : ੦੬ ਸਾਲ : ੮ ਜੂਨ ੨੦੨੨

ਜੇਠ-ਹਾੜ, ੫੫੪ ਨਾਨਕਸ਼ਾਹੀ

# ਸੋ ਕਹੀਅਤ ਹੈ ਸੂਰਾ

ਨਿਰੋਲ ਧਾਰਮਿਕ ਮਾਸਿਕ ਪੱਤਰ


'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।

## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਜਿਨ੍ਹਾਂ ਨੂੰ ਮੌਤ ਦੇ ਬਾਅਦ ਦੇ ਨਜ਼ਾਰੇ ਦੀ ਖ਼ਬਰ ਹੈ, ਉਹ ਤਾਂ ਕੰਬ ਉਠਦੇ ਹਨ, ਕਿ ਹਾਇ ! ਰੂਹਾਂ ਇਉਂ ਪੁਕਾਰ ਰਹੀਆਂ ਹਨ ? ਹਾਂ ਜੀ ! ਜਿਸ ਸਿਖ ਨੂੰ ਰੂਹ ਦੀ ਪਹਿਚਾਣ ਹੈ, ਉਹ ਕਿਸੇ ਰੂਹ ਦੀ ਆਜ਼ਾਦੀ ਵਿਚ ਦਖ਼ਲ ਨਹੀਂ ਦੇਂਦਾ। ਉਹ ਤਾਂ ਪ੍ਰੇਮ ਕਰਨਾ ਅਰ ਸੇਵਾ ਕਰਨੀ, ਇਹੋ ਹੀ ਰਿਸ਼ਤਾ ਆਪਣਾ ਦੂਸਰਿਆਂ ਨਾਲ ਜਾਣਦਾ ਹੈ।
>
> \- ਪ੍ਰੋ. ਪੂਰਨ ਸਿੰਘ ਜੀ


| | |
|---|---|
| ਗੁਰਮਤਿ ਗੌਰਵਤਾ-੬੨<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 6 |
| ਪ੍ਰਾਨੀ ਕਉਨੁ ਉਪਾਉ ਕਰੈ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 09 |
| ਚਹੁੰਆਂ ਜੁਗਾਂ ਦਾ ਨਿਬੇੜਾ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 10 |
| ਇਸ਼ਕ-ਮਜਾਜ਼ੀ ਤੇ ਇਸ਼ਕ-ਹਕੀਕੀ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 13 |
| ਪੰਚ ਪਰਵਾਣ ਪੰਚ ਪਰਧਾਨੁ<br>ਭਾਈ ਮਨਮੋਹਨ ਸਿੰਘ ਅਮਰੀਕਾ | 16 |
| ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀ ਗਾਥਾ-੨<br>ਸੁਖਦੀਪ ਸਿੰਘ ਬਰਨਾਲਾ | 18 |
| ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ<br>ਪ੍ਰੋ. ਸੁਬਾ ਸਿੰਘ | 23 |
| ਹਰਿਮੰਦਰ ਸਾਹਿਬ ਦਾ ਸ਼ਰਧਾਲੂ ਬਜ਼ੁਰਗ ਇਕ ਅਭੁੱਲ ਸਤਿਕਾਰੀ ਘਟਨਾ<br>ਡਾ. ਸਰੂਪ ਸਿੰਘ ਅਲੱਗ | 24 |
| ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 25 |
| ਭਗਤ ਬਾਣੀ ਤੇ ਭੱਟ ਬਾਣੀ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 30 |

ਪਉੜੀ ॥
ਇਸਤਰੀਪੁਰਖੈਬਹੁਪ੍ਰੀਤਿਮਿਲਿਮੋਹੁਵਧਾਇਆ ॥
ਪੁਤ੍ਰੁਕਲਤ੍ਰੁਨਿਤਵੇਖੈਵਿਗਸੈਮੋਹਿਮਾਇਆ ॥
ਦੇਸਿਪਰਦੇਸਿਧਨੁਚੋਰਾਇਆਣਿਮੁਹਿਪਾਇਆ ॥
ਅੰਤਿਹੋਵੈਵੈਰਵਿਰੋਧੁਕੋਸਕੈਨਛਡਾਇਆ ॥
ਨਾਨਕਵਿਣੁਨਾਵੈਧ੍ਰਿਗੁਮੋਹੁਜਿਤੁਲਗਿਦੁਖੁਪਾਇਆ ॥੩੨ ॥
(ਸਾਰੰਗ ਕੀ ਵਾਰ ਮਹਲਾ ੪... ਅੰਕ: ੧੨੪੯)

# ਅਰਥ ਵਿਚਾਰ

ਪਤੀ-ਪਤਨੀ ਦੀ (ਆਪਸ ਵਿਚ) ਬਹੁਤ ਪ੍ਰੀਤ ਹੁੰਦੀ ਹੈ ਅਤੇ ਉਹ ਮਿਲ ਕੇ ਹੋਰ ਮੋਹ ਵਧਾਉਂਦੇ ਹਨ। ਮੋਹ ਮਾਇਆ ਵਿਚ (ਫਸਿਆ ਹੋਇਆ) ਪੁਰਖ ਆਪਣੇ ਪੁੱਤਰ ਅਤੇ ਪਤਨੀ ਨੂੰ ਦੇਖ ਕੇ ਬਹੁਤ ਖੁਸ਼ ਹੁੰਦਾ ਹੈ। ਦੇਸ ਅਤੇ ਪਰਦੇਸ ਤੋਂ ਧਨ ਚੁਰਾ ਕੇ ਉਹ (ਬੱਚਿਆਂ ਅਤੇ ਪਤਨੀ) ਦੇ ਮੂੰਹ ਵਿਚ (ਅਨਿਕ ਪ੍ਰਕਾਰੀ ਬਿੰਜਨ) ਪਾਉਂਦਾ ਹੈ। (ਪਰ) ਅੰਤ ਸਮੇਂ (ਇਨ੍ਹਾਂ ਹੀ ਸਕੇ ਸਬੰਧੀਆਂ ਨਾਲ) ਵੈਰ ਵਿਰੋਧ ਹੋ ਜਾਂਦਾ ਹੈ ਅਤੇ (ਉਦੋਂ) ਕੋਈ ਵੀ (ਜੀਵ ਨੂੰ) ਇਸ ਹਾਲਤ ਵਿਚੋਂ ਛੁਡਾ ਨਹੀਂ ਸਕਦਾ। ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫ਼ਰਮਾਉਂਦੇ ਹਨ ਕਿ ਨਾਮ ਤੋਂ ਬਿਨਾਂ ਇਹ ਮੋਹ ਧ੍ਰਿਗ ਹੈ, ਜੀਹਦੇ ਨਾਲ ਲੱਗ ਕੇ ਜੀਵ ਦੁੱਖ ਪਾਉਂਦਾ ਹੈ।

"ਸਾਰੰਗ ਕੀ ਵਾਰ" ਦੀ ਇਸ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਮੋਹ-ਮਾਇਆ ਵਿਚ ਫਸੇ ਹੋਏ ਜੀਵ ਦੀ ਹਾਲਤ ਦੱਸਦਿਆਂ ਹੋਇਆਂ ਆਪਣੇ ਗੁਰਸਿੱਖਾਂ ਨੂੰ ਮੋਹ-ਮਾਇਆ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਸ ਪਉੜੀ ਵਿਚ ਜੋ ਮਨਮੁਖ ਦੀ ਅਵਸਥਾ ਦੱਸੀ ਹੈ ਉਹ ਘਰ-ਘਰ ਦੀ ਕਹਾਣੀ ਹੈ। ਇਸਤ੍ਰੀ ਅਤੇ ਪੁਰਖ ਰਲ ਕੇ ਗ੍ਰਹਿਸਤੀ ਸ਼ੁਰੂ ਕਰਦੇ ਹਨ ਅਤੇ ਉਹ ਮੋਹ-ਮਾਇਆ ਦੇ ਗ੍ਰਸੇ ਹੋਏ, ਮਰਕਟ (ਬਾਂਦਰ) ਦੀ ਨਿਆਈਂ ਟਪਦੇ ਫਿਰਦੇ ਹਨ। ਬੰਦਾ ਠੱਗੀਆਂ ਅਤੇ ਹੇਰਾਫ਼ੇਰੀਆਂ ਕਰਕੇ ਧਨ ਇਕੱਤਰ ਕਰਕੇ ਪਰਿਵਾਰ 'ਤੇ ਖ਼ਰਚਦਾ ਹੈ ਅਤੇ ਉਨ੍ਹਾਂ ਨੂੰ ਖੁਸ਼ ਦੇਖ ਕੇ ਆਪ ਵੀ ਵਿਗਸਦਾ ਹੈ। ਅੰਤ ਇਹੋ ਬੱਚੇ, ਜਿਨ੍ਹਾਂ ਦੀ ਖ਼ਾਤਰ ਹੇਰਾਫ਼ੇਰੀਆਂ ਕਰਕੇ ਧਨ ਇਕੱਤਰ ਕੀਤਾ ਹੁੰਦਾ ਹੈ, ਉਹ ਬੁੱਢੇ ਹੋਏ ਜੀਵ ਨਾਲ ਬਦਸਲੂਕੀਆਂ ਕਰਦੇ ਹਨ ਪਰ ਉਸ ਵੇਲੇ ਜੀਵ ਕੁਝ ਨਹੀਂ ਕਰ ਸਕਦਾ। ਜਿਨ੍ਹਾਂ ਪਿੱਛੇ ਪਾਪ ਕਰਕੇ ਦੌਲਤ ਇਕੱਤਰ ਕੀਤੀ ਹੁੰਦੀ ਹੈ ਉਹੋ ਹੀ ਬੇਵਫਾਈ ਕਰ ਜਾਂਦੇ ਹਨ ਅਤੇ ਜੀਵ ਇਕੱਲੇ ਦੇ ਸਿਰ ਇਨ੍ਹਾਂ ਪਾਪਾਂ ਦਾ ਭਾਰ ਚੜ੍ਹ ਜਾਂਦਾ ਹੈ, ਜਿਸ ਸਦਕਾ ਉਹ ਦਰਗਾਹ ਵਿਚ ਜਮਾਂ ਦੀ ਮਾਰ ਸਹਿੰਦਾ ਹੈ ਅਤੇ ਉਪਰੰਤ ਤ੍ਰਿਗਦ ਜੋਨੀਆਂ ਵਿਚ ਪੈ-ਪੈ ਕੇ ਖੁਆਰ ਹੁੰਦਾ ਹੈ।

ਉੱਪਰ ਦੱਸੀ ਹੋਈ ਮਨਮੁਖਾਂ ਦੀ ਹਾਲਤ ਬਾਰੇ ਤਾਂ ਸਮਝ ਆਉਂਦਾ ਹੈ ਕਿਉਂਕਿ ਮਨਮੁਖਾਂ ਨੂੰ ਤਾਂ ਗੁਰਮਤਿ ਦੀ ਸੋਝੀ ਨਹੀਂ ਹੁੰਦੀ ਪਰ ਅੱਜ-ਕੱਲ੍ਹ ਤਾਂ ਚੰਗੇ-ਚੰਗੇ ਗੁਰਸਿੱਖ ਵੀ ਇਸੇ ਹੀ ਮੋਹ-ਮਾਇਆ ਦੀ ਦੌੜ ਵਿਚ ਫਸੇ ਹੋਏ ਨਜ਼ਰ ਆ ਰਹੇ ਹਨ। ਉਹ ਵੀ ਮਨਮੁਖਾਂ ਵਾਂਗ ਹੀ ਆਪਣਾ ਸਾਰਾ ਤਾਣ ਅਤੇ ਸਮਾਂ ਕੇਵਲ ਕੁਟੰਬ ਨੂੰ ਪਾਲਣ-ਪੋਸ਼ਣ 'ਤੇ ਹੀ ਖ਼ਰਚ ਕਰ ਰਹੇ ਹਨ ਅਤੇ ਇਸ ਕਦਰ ਮਾਇਆਵੀ ਧੰਦਿਆਂ ਵਿਚ ਮੁਬਤਲਾ (ਗ੍ਰਸਤ) ਹੋਏ ਪਏ ਹਨ ਕਿ ਉਹ ਅੰਮ੍ਰਿਤ ਵੇਲੇ ਦੀ ਸੇਵਾ-ਸੰਭਾਲ ਵੀ ਛੱਡ ਬੈਠੇ ਹਨ। ਅੰਮ੍ਰਿਤ ਵੇਲੇ ਜਦੋਂ ਕਿ, ਸੱਚੇ ਨਾਮ ਦਾ ਜਾਪ ਅਤੇ ਗੁਰਬਾਣੀ ਰੂਪੀ ਵਡਿਆਈ ਵਿਚਾਰ ਕਰਨੀ ਸੀ, ਉਸ ਵੇਲੇ ਤਾਂ ਉਹ ਕੰਮਾਂ-ਕਾਰਾਂ ਦੇ ਥਕਾਏ ਹੋਏ ਅਤੇ ਕੁਟੰਬ ਦੇ ਸਤਾਏ ਭਰਮਾਏ ਹੋਏ ਸੁੱਤੇ ਰਹਿੰਦੇ ਹਨ। ਕੰਮਾਂ-ਕਾਰਾਂ ਕਰਕੇ ਇਸ ਕਦਰ ਮਸਰੂਫ ਹੋ ਜਾਂਦੇ ਹਨ ਕਿ ਸ੍ਰੀ ਸੁਖਮਨੀ ਸਾਹਿਬ ਆਦਿ ਅੰਮ੍ਰਿਤ ਬਾਣੀਆਂ ਦਾ ਪਾਠ ਤਾਂ ਇਕ ਪਾਸੇ ਰਿਹਾ, ਉਹ ਤਾਂ ਮੁੱਢਲੇ ਨਿਤਨੇਮ ਦੀ ਵੀ ਢਿੱਲ ਵਰਤਾਉਣ ਲੱਗ ਪੈਂਦੇ ਹਨ। ਬਿਬੇਕ ਰਹਿਤ-ਰਹਿਣੀ ਤੋਂ ਤਾਂ ਉਹ ਉੱਕਾ ਹੀ ਕੋਰੇ ਰਹਿ ਜਾਂਦੇ ਹਨ। ਦੱਸੋ, ਇਸ ਤਰ੍ਹਾਂ ਮਾਇਆ ਦੇ ਭਰਮਾਏ ਹੋਏ ਗੁਰਸਿੱਖ ਆਪਣਾ ਜਨਮ ਕਿਵੇਂ ਸਵਾਰ ਕੇ ਇੱਥੋਂ ਜਾਣਗੇ ਅਤੇ ਕਿਵੇਂ ਪੰਥ ਦੀ ਚੜ੍ਹਦੀ ਕਲਾ ਕਰਨਗੇ ? ਇਸ ਤਰ੍ਹਾਂ ਗੁਰਮਤਿ ਵਲੋਂ ਢਿੱਲ ਕਰਕੇ ਅਤੇ ਸੰਸਾਰੀ ਪਦਾਰਥਾਂ ਮਗਰ ਧਾਵਣੀ ਕਰਕੇ ਕਦੇ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ।

ਗੁਰਸਿੱਖ ਨੂੰ ਚਾਹੀਦਾ ਹੈ ਕਿ ਉਹ ਪ੍ਰਭੂ ਪ੍ਰਾਪਤੀ ਦਾ ਉਦੇਸ਼ ਸਭ ਤੋਂ ਉੱਪਰ ਰੱਖੇ ਅਤੇ ਕੰਮ-ਕਾਰ ਓਨਾ ਕੁ ਕਰੇ ਜਿਸ ਨਾਲ ਗੁਰਸਿੱਖੀ ਕਮਾਉਣ ਵਿਚ ਵਿਘਨ ਨਾ ਆਵੇ। ਪਰਿਵਾਰ ਦੀ ਸੇਵਾ-ਸੰਭਾਲ ਕਰਨੀ ਗੁਰਸਿੱਖ ਦਾ ਫ਼ਰਜ਼ ਹੈ ਪਰ ਮੋਹ-ਮਾਇਆ ਵਿਚ ਫਸ ਕੇ ਪਰਿਵਾਰ ਦੀ ਖ਼ਾਤਰ ਗੁਰਮਤਿ ਦੇ ਉਲਟ ਕੰਮ ਕਰਨੇ ਅਤੇ ਪਾਪਾਂ ਦਾ ਵਾਪਾਰ ਕਰਨਾ ਗੁਰਸਿੱਖ ਨੂੰ ਨਹੀਂ ਸ਼ੋਭਦਾ। ਜੋ ਗੁਰਸਿੱਖ ਆਪਣੇ ਜੀਵਨ ਵਿਚ ਸਤਿਗੁਰੂ ਦੀ ਬਖ਼ਸ਼ੀ ਹੋਈ ਗੁਰਮਤਿ ਨੂੰ ਮੁੱਖ ਰੱਖਦਾ ਹੈ, ਉਸ ਗੁਰਸਿੱਖ ਦੇ ਰੂਹਾਨੀ ਅਤੇ ਦੁਨਿਆਵੀ ਸਾਰੇ ਹੀ ਕਾਰਜ ਸਵਰ ਜਾਂਦੇ ਹਨ ਅਤੇ ਉਹ ਸੁਰਖ਼ਰੂ ਹੋ ਕੇ ਅਤੇ ਮੁੱਖ ਉਜਲ ਕਰਕੇ ਇਸ ਦੁਨੀਆ 'ਚੋਂ ਦਰਗਾਹ ਵਿਚ ਪ੍ਰਵੇਸ਼ ਕਰਦਾ ਹੈ। ਗੁਰੂ ਜੀ ਕਿਰਪਾ ਕਰਨ ਕਿ ਅਸੀਂ ਉੱਦਮ ਕਰਕੇ ਗੁਰਮਤਿ ਧਾਰਨ ਕਰੀਏ ਅਤੇ ਇਸ ਬਿਧ ਸੱਚੇ ਸੁੱਖ ਦੀ ਪ੍ਰਾਪਤੀ ਕਰੀਏ ਅਤੇ ਆਪਣਾ ਹਲਤ-ਪਲਤ ਸਵਾਰੀਏ।

# ਗੁਰਮਤਿ ਸੱਚਾ ਤੇ ਸਦੀਵੀ ਧਰਮ

## ਅਰਥਾਤ

# ਗੁਰਮਤਿ ਗੌਰਵਤਾ -੬੨

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ…)

**੭੨. ਸਦਾ ਨਿਹਚਲ ਰਹਿਣ ਤੇ ਨਾਸ ਹੋਣ ਵਾਲਿਆਂ ਦਾ ਵੇਰਵਾ**

**ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥**
**ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥**
**ਸਾਰ ਸੁਖੁ ਪਾਈਐ ਰਾਮਾ॥ ਰੰਗਿ ਰਵਹੁ ਆਤਮੈ ਰਾਮ ॥੧॥ਰਹਾਉ॥**
**ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥**
**ਮਨੁ ਜੀਤੇ ਜਗੁ ਜੀਤਿਆ ਜਾ ਤੇ ਬਿਖਿਆ ਤੇ ਹੋਇ ਉਦਾਸੁ ॥੨॥**
**ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥**
**ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥**
**ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥**
**ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥**
**(ਮਾਰੂ ਕਬੀਰ ਜੀਉ, ਪੰਨਾ: ੧੧੦੩)**

ਇਸ ਗੁਰਵਾਕ ਦਵਾਰਾ ਬਨਬਾਸੀਆਂ ਦਾ ਆਨਮਤ ਬਨਬਾਸ ਭੇਖ ਖੰਡਨ ਕੀਤਾ ਗਿਆ ਹੈ, ਅਤੇ ਹੋਰਸ ਜਟਾਧਾਰੀ, ਭਸਮ-ਲੇਪਲਾਗੀ, ਤੇ ਗੁਫਾ-ਵਾਸੀਆਂ ਦੇ ਭਰਮ ਭੇਖ ਨੂੰ ਖ਼ੂਬ ਹੀ ਖੰਡਨਾਇਆ ਗਇਆ ਹੈ। ਯਥਾ ਵਿਆਖਿਆ-

ਬਨ ਵਿਚ ਵਸਿਆਂ ਵਾਹਿਗੁਰੂ ਨਹੀਂ ਪਾਇਆ ਜਾ ਸਕਦਾ, ਜਦ ਤਾਈਂ ਮਨ ਤੋਂ ਵਿਕਾਰ ਨ ਛਡੇ ਜਾਣ। ਇਹ ਵਿਕਾਰ ਮਨ ਦੀ ਮਤਿ ਦੁਆਰਾ ਨਹੀਂ ਛਡੇ ਜਾ ਸਕਦੇ, ਜਦ ਤਾਈਂ ਪੂਰਨ ਗੁਰਮਤਿ ਧਾਰਨ ਕਰ ਕੇ ਅਤੇ ਗੁਰੂ ਦਵਾਰਿਓਂ ਗੁਰ-ਦੀਖਿਆ ਲੈ ਕੇ ਗੁਰਮਤਿ ਨਾਮ ਦੀਆਂ ਅਤੁੱਟ ਕਮਾਈਆਂ ਨ ਕੀਤੀਆਂ ਜਾਣ। ਜੋ ਗੁਰਮੁਖਿ ਜਨ ਇਸ ਬਿਧਿ ਕਮਾਈਆਂ ਕਰਦੇ ਹਨ, ਉਹ ਗ੍ਰਿਹਸਤ ਵਿਚ ਰਹਿ ਕੇ ਹੀ ਸੰਸਾਰ ਤੋਂ ਅਲੇਪ ਰਹਿੰਦੇ ਹਨ ਅਤੇ ਗੁਰਮਤਿ ਵਿਚ ਵੀ ਸੱਚੀ ਪ੍ਰਬੀਨਤਾ ਅਖ਼ਤਿਆਰ ਕਰਦੇ ਹਨ। ਐਸੇ ਗੁਰਮੁਖਿ ਜਨ, ਜਿਨ੍ਹਾਂ ਨੇ ਗ੍ਰਿਹਸਤ ਅਤੇ ਬਨਬਾਸ ਇਕੋ ਜਿਹਾ ਕਰਕੇ ਜਾਣਿਆ ਹੁੰਦਾ ਹੈ, ਸੰਸਾਰ ਵਿਖੇ ਪੂਰੇ ਸੂਰੇ ਉਤਰਦੇ ਹਨ। ਸੱਚਾ ਸਾਰ ਸੁਖ ਪ੍ਰਮਾਰਥ ਦੇ ਰੰਗਾਂ ਵਾਲਾ ਸਾਰੇ ਰਮੇ ਹੋਏ ਵਾਹਿਗੁਰੂ ਅਕਾਲ ਪੁਰਖ ਦੇ ਰੰਗਾਂ ਵਿਚ ਰੰਗੀਜ ਕੇ ਤਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਇਸ ਬਿਧਿ ਆਤਮਕ ਰੰਗਾਂ ਵਿਚ ਰੰਗੇ ਜਾ ਕੇ ਉਹ ਖਿਨ ਖਿਨ ਵਾਹਿਗੁਰੂ ਰਾਮ ਨਾਮ ਵਿਚ ਹੀ ਰੰਗੇ ਰਹਿੰਦੇ ਹਨ।



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਜੋ ਆਨਮਤੀ ਲੋਕ ਮਸਨੂਈ ਜਟਾਂ ਬਣਾ ਕੇ ਅਤੇ ਪਿੰਡੇ ਉਤੇ ਸਵਾਹ ਮਲ ਕੇ ਗੁਫਾ-ਵਾਸੀ ਬਣ ਬਹਿੰਦੇ ਹਨ, ਉਨ੍ਹਾਂ ਦਾ ਇਸ ਬਿਧਿ ਪਾਖੰਡ-ਭੇਖ ਧਾਰਨਾ ਮਹਾਂ ਮਨਮਤਿ ਹੈ, ਜਿਸ ਤੋਂ ਪ੍ਰਮਾਰਥੀ ਮਾਰਗ ਬਾਰੇ ਤਸੂ ਭੀ ਪ੍ਰਾਪਤ ਨਹੀਂ ਹੁੰਦਾ। ਉਹ ਮਹਿਜ਼ ਵਰਮੀ ਨੂੰ ਮਾਰਦੇ ਹਨ, ਵਰਮੀ ਮਾਰਿਆਂ ਸੱਪ ਨਹੀਂ ਮਰਦਾ। ਫੋਕਟ ਤਨ ਤਾਵਣ ਨਾਲ ਮਨ ਵਸ ਵਿਚ ਨਹੀਂ ਆ ਸਕਦਾ। ਜੋ ਗੁਰਮੁਖਿ ਜਨ ਵਾਹਿਗੁਰੂ ਨਾਲ ਲਿਵ ਜੋੜ ਕੇ ਗ੍ਰਿਹਸਤ ਵਿਖੇ ਰਹਿੰਦੇ ਹਨ, ਉਹ ਗ੍ਰਿਹਸਤ ਵਿਚ ਰਹਿ ਕੇ ਹੀ ਮਨ ਨੂੰ ਜਿਤ ਲੈਂਦੇ ਹਨ। ਜਿਨ੍ਹਾਂ ਨੇ ਮਨ ਨੂੰ ਜਿਤਿਆ ਹੈ, ਉਨ੍ਹਾਂ ਨੇ ਜਗ ਨੂੰ ਵੀ ਜਿਤ ਲਿਆ ਹੈ; ਗੁਰਮਤਿ ਗ੍ਰਿਹਸਤ ਧਰਮ ਦਾ ਇਹ ਵਾਧਾ ਹੈ ਕਿ ਗ੍ਰਿਹਸਤ ਵਿਖੇ ਰਹਿ ਕੇ ਹੀ ਗੁਰਮੁਖਿ ਜਨ ਬਿਖ-ਮਾਇਆ ਤੋਂ ਉਦਾਸ ਰਹਿੰਦੇ ਹਨ। ਯਥਾ ਮਹਾਂਵਾਕ-

**ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥**
**(ਭਾਈ ਗੁਰਦਾਸ ਜੀ, ਵਾਰ:੨੯, ਪਉੜੀ: ੧੫)**

ਸਭ ਕੋਈ ਭੇਖਧਾਰੀ ਆਨਮਤੀ ਪੁਰਸ਼ ਖ਼ੁਦ ਆਨਮਤਿ ਅਗਿਆਨ ਵਿਚ ਵਸਦਾ ਹੋਇਆ ਫੋਕਟ ਅੰਧ-ਗੁਰੂ ਬਣ ਬੈਠਦਾ ਹੈ ਅਤੇ ਇਸ ਬਿਧਿ ਡਿੰਭੀ ਬਣ ਬਣ ਕੇ ਹੋਰਨਾਂ ਨੂੰ ਗਿਆਨ ਰੂਪੀ ਸੁਰਮਾ, ਅੰਤ੍ਰੀਵ ਅੱਖਾਂ ਵਿਚ ਪਾਨ ਲਈ ਦਿੰਦਾ ਹੈ, ਜਿਸ ਦਾ ਇਹ ਨਤੀਜਾ ਨਿਕਲਦਾ ਹੈ ਕਿ ਝੂਠੇ ਗਿਆਨ ਲੈਣ ਵਾਲਿਆਂ ਨੂੰ ਮੁੜ ਕੇ ਫੇਰ ਅੰਧ ਅਗਿਆਨ ਦੇ ਖੂਹ ਵਿਚ ਹੀ ਸੁਟ ਦਿੰਦਾ

ਹੈ। ਸੋਈ ਲੋਇਣ ਪ੍ਰਵਾਨ ਹਨ ਜਿਨ੍ਹਾਂ ਅੰਦਰ ਗੁਰਮਖਿ ਜਨਾਂ ਨੇ ਗਿਆਨ ਰੂਪੀ ਅੰਜਨ (ਸੁਰਮਾ) ਪਾਇਆ ਹੈ। ਪਰ ਇਹ ਗਿਆਨ ਰੂਪੀ ਸੁਰਮਾ ਸਦਾ ਗੁਰੂ ਦਵਾਰਿਓਂ ਹੀ ਮਿਲਦਾ ਹੈ ਤੇ ਗੁਰਮਤਿ ਗਿਆਨ ਦਵਾਰਾ ਹੀ ਇਸ ਸੱਚ ਸੁਰਮੇ ਦੀ ਸਮਝ ਪੈਂਦੀ ਹੈ। ਕਬੀਰ ਸਾਹਿਬ ਨੇ ਗੁਰਮਤਿ ਗਿਆਨ ਪ੍ਰਾਪਤ ਕਰਕੇ ਇਸ ਰਮਜ਼ ਨੂੰ ਬੁਝਿਆ ਹੈ। ਗੁਰੂ ਦੀ ਕਿਰਪਾ ਦਵਾਰਾ ਤਿਨ੍ਹਾਂ ਗੁਰਮੁਖਿ ਜਨਾਂ ਨੇ ਅੰਤਰ-ਮੁਖੀ ਬਿਰਤੀ ਨਾਲ ਵਾਹਿਗੁਰੂ ਅਕਾਲ ਪੁਰਖ ਭੇਟਿਆ ਹੈ। ਇਸ ਬਿਧਿ ਵਾਹਿਗੁਰੂ ਨੂੰ ਭੇਟ ਕੇ ਹੀ ਗੁਰਮੁਖਾਂ ਦਾ ਮਨ ਅਸਥਿਰ ਹੋਇਆ ਹੈ, ਐਵੇਂ ਨਹੀਂ ਹੁੰਦਾ।

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥**
**ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥ ( ॥੩॥ ੨॥੧੫॥)**
**(ਮਾਰੂ ਰਵਿਦਾਸ ਜੀਉ, ਪੰਨਾ: ੧੧੦੬)**

ਬੇਦ ਪੁਰਾਨਾਂ ਵਿਖੇ ਬਹੁ ਬਿਧਿ ਲਿਖੇ ਹੋਏ ਚੌਤੀਸੇ ਅੱਖਰ ਨਾਨਾ ਪ੍ਰਕਾਰ ਦੇ ਖੀਨ ਖਰਾਬ ਕਰਨ ਵਾਲੇ ਖ਼ਿਆਲਾਤ ਹੀ ਉਪਜਾਉਂਦੇ ਹਨ। ਗੁਰੂ ਘਰ ਦਾ ਵਰੋਸਾਇਆ ਹੋਇਆ ਬਿਆਸ ਰੂਪੀ ਗੁਰਮੁਖਿ ਜਨ ਸੱਚੀ ਵੀਚਾਰ ਵੀਚਾਰ ਕੇ ਸੱਚਾ ਪ੍ਰਮਾਰਥ ਦਰਸਾਉਂਦਾ ਹੈ ਅਤੇ ਦ੍ਰਿੜ੍ਹਤਾ ਸੇਤੀ ਇਉਂ ਕਹਿੰਦਾ ਹੈ ਕਿ ਗੁਰਮਤਿ-ਰਮਤ-ਰਾਮ ਦੇ ਬਰਾਬਰ ਹੋਰ ਕੁਛ ਵੀ ਨਹੀਂ, ਆਨਮਤ ਕਰਮ ਕਾਂਡ ਉਰੇ ਉਰੇ ਹੀ ਰਹਿ ਜਾਂਦੇ ਹਨ।

### ੧੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ

**ਸੰਤੋਖੇ ਜੋਗੀ ਦੀ ਕਹਾਣੀ**

**ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥**
**ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥੧॥**
**ਭਵਜਲੁ ਬਿਨੁ ਸਬਦੈ ਕਿਉ ਤਰੀਐ ॥**
**ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ਰਹਾਉ॥ ( ॥੪॥੧॥੨॥)**
**(ਰਾਗੁ ਭੈਰਉ ਮਹਲਾ ੧ ਘਰੁ ੨, ਪੰਨਾ: ੧੧੨੫)**

ਇਸ ਗੁਰਵਾਕ ਦਵਾਰਾ ਸਿਧ ਹੁੰਦਾ ਹੈ ਕਿ ਸਭ ਤਰ੍ਹਾਂ ਦੇ ਜੀਵ ਤੇ ਮਨੁੱਖਾਂ ਦਾ ਨਿਸਤਾਰਾ ਕੇਵਲ ਗੁਰੂ ਕੇ ਸ਼ਬਦ ਦਵਾਰਾ ਹੀ ਸੰਭਵ ਹੈ, ਹੋਰ ਕਿਸੇ ਬਿਧਿ ਭੀ ਨਹੀਂ ਹੋ ਸਕਦਾ। ਸ਼ਬਦ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਪ੍ਰਾਪਤ ਹੁੰਦਾ ਹੈ। ਪਿਛਲੇ ਜਨਮਾਂ ਵਿਖੇ ਸਿਧ ਮੁਨੀ ਜਨ ਜੋ ਆਪ-ਹੁਦਰੇ ਹੀ ਜੋਗ ਅਭਿਆਸ ਆਦਿਕ ਦੀਆਂ ਟੱਕਰਾਂ ਮਾਰਦੇ ਰਹੇ ਹਨ, ਉਨ੍ਹਾਂ ਦਾ ਨਿਸਤਾਰਾ ਉਦੋਂ ਹੀ ਹੋਇਆ ਜਦ ਉਨ੍ਹਾਂ ਨੇ ਆ ਕੇ ਗੁਰੂ ਨਾਨਕ ਦੇ ਘਰ ਜਨਮ ਲਿਆ ਅਤੇ ਗੁਰੂ ਕੇ ਸਿਖ ਬਣੇ। ਅਨੇਕਾਂ ਹੀ ਮੁਨੀ ਜਨ ਬ੍ਰਹਮਾ ਅਤੇ ਸਨਕ ਸਨੰਦਨ ਆਦਿਕ ਜਦੋਂ ਵੀ ਤਰੇ ਅਤੇ ਤਰਨਗੇ ਤਾਂ ਗੁਰੂ ਨਾਨਕ ਦੇ ਦੀਖਿਅਤ ਗੁਰ-ਸ਼ਬਦ ਮੰਤਰ ਲੈ ਕੇ ਹੀ ਤਰੇ ਹਨ ਜਾਂ ਤਰਨਗੇ। ਜੈਸੇ ਕਿ ਗੁਰੂ ਘਰ ਵਿਖੇ ਇਸ ਪ੍ਰਸਿੱਧ ਸਾਖੀ ਤੋਂ ਸਿਧ ਹੈ ਕਿ ਸੰਤੋਖ ਸਰ ਦਾ ਤਾਲ ਪੁਟਣ ਸਮੇਂ, ਵਿਚੋਂ ਇਕ ਜੋਗੀ ਦਾ ਮੱਠ ਨਿਕਲਿਆ। ਸੰਗਤਾਂ ਗੁਰੂ ਸਾਹਿਬ ਪਾਸ ਧਾਈਆਂ ਗਈਆਂ। ਗੁਰੂ ਸਾਹਿਬ ਜੀ ਦੇ ਪੁਜਣ ਪਰ ਜਦ ਉਸ ਜੋਗੀ ਦੇ ਮਠ ਨੂੰ ਪੁਟਿਆ ਗਿਆ ਤਾਂ ਉਸ ਜੋਗੀ ਨੇ ਪਹਿਲਾ ਸਵਾਲ ਇਹ ਪੁਛਿਆ (ਜਿਸ ਨੂੰ ਕੇਵਲ ਤ੍ਰੈਕਾਲ-ਦਰਸੀ ਗੁਰੂ ਸਾਹਿਬ ਨੇ ਸਮਝਿਆ) ਕਿ ਇਹ ਕਿਹੜਾ ਜੁਗ ਹੈ? ਜਦ ਉਸ ਨੂੰ ਦਸਿਆ ਗਿਆ ਕਿ ਇਹ ਕਲਜੁਗ ਹੈ ਤਾਂ ਉਹ ਬੜਾ ਹੀ ਅਨੰਦਤ ਹੋਇਆ। ਫਿਰ ਦੂਜਾ ਸਵਾਲ ਇਹ ਕੀਤਾ ਕਿ ਗੁਰੂ ਨਾਨਕ ਸਾਹਿਬ ਪ੍ਰਗਟ ਹੋ ਗਏ ਹਨ? 'ਹਾਂ' ਦਾ ਉਤਰ ਮਿਲਣ ਪਰ ਉਸ ਜੋਗੀ ਦੀ ਖ਼ੁਸ਼ੀ ਦੀ ਹਦ ਕੋਈ ਨ ਰਹੀ। ਉਸ ਨੇ ਬੜੀ ਖ਼ੁਸ਼ੀ ਨਾਲ ਇਹ ਭਾਖਿਆ ਕਿ ਮੇਰਾ ਕਲਿਆਨ ਦਾ ਸਮਾਂ ਆ ਗਿਆ ਹੈ। ਗੱਲ ਕੀ, ਗੁਰੂ ਸਾਹਿਬ ਦੀ ਚਰਨੀਂ ਪੈ ਕੇ ਅਤੇ ਗੁਰ-ਦੀਖਿਆ ਲੈ ਕੇ ਉਸ ਤ੍ਰੇਤੇ ਜੁਗ ਤੋਂ ਬੈਠੇ ਜੋਗੀ ਦੀ ਕਲਿਆਨ ਕੀਤੀ ਗਈ। ਅਤੇ ਪੂਰਬਲੇ ਕਰਮਾਂ ਦਾ ਸ਼ੁਭ ਅੰਕੁਰ ਪ੍ਰਗਟ ਹੋਇਆ।

ਇਸੇ ਪ੍ਰਕਾਰ ਪੂਰਬ ਲਿਖੇ ਕਰਮਾਂ ਅਨੁਸਾਰ ਜੋ ਜੋ ਮੁਨੀ ਜਨ ਦੇਵਤੇ ਗੁਰ-ਸ਼ਰਨੀ ਪੈਣਗੇ ਜਾਂ ਪਏ ਹਨ, ਗੁਰੂ ਸਾਹਿਬ ਦੇ ਘਰੋਂ ਹੀ ਗੁਰ-ਦੀਖਿਆ ਲੈ ਕੇ ਨਿਸਤਰੇ ਹਨ ਜਾਂ ਨਿਸਤਰਨਗੇ, ਐਵੇਂ ਕਦਾਂਤਿ ਨਹੀਂ। ਏਸ ਭਵਜਲ-ਸੰਸਾਰ ਦਾ ਨਿਸਤਾਰਾ ਗੁਰ-ਸ਼ਬਦ ਤੋਂ ਬਿਨਾਂ ਹੋਣਾ ਹੀ ਨਹੀਂ। ਗੁਰ-ਸ਼ਬਦ, ਗੁਰ-ਦੀਖਿਆ ਲਏ ਬਿਨਾਂ ਬੜੇ ਬੜੇ ਮੁਨੀ ਜਨਾਂ ਦੇਵਤਿਆਂ ਦੇ ਅੰਦਰ

*ਸਦਾ ਅਸਥਿਰ ਤੇ ਨਿਹਚਲ ਰਹਿਣ ਵਾਲਾ ਇਕੋ ਵਾਹਿਗੁਰੂ ਨਰਾਇਣ ਅਗਮ ਅਗਾਧ ਹਰੀ (ਨਾਮੀ ਅਕਾਲ ਪੁਰਖ) ਹੀ ਹੈ। ਜਾਂ ਵਾਹਿਗੁਰੂ ਦਾ ਨਾਮ ਸਦਾ ਨਿਹਚਲ ਰਹਿਣ ਵਾਲਾ ਹੈ, ਇਹ ਨਾਮ ਸੁਖਾਂ ਦਾ ਘਰ ਹੈ, ਜਿਸ ਨੂੰ ਸਿਮਰਨ ਕਰਕੇ ਵਾਹਿਗੁਰੂ (ਨਾਮੀ) ਲਭਦਾ ਹੈ। ਗੁਰਮੁਖਿ ਜਨਾਂ, ਗੁਰੂ ਦੇ ਵਰੋਸਾਏ ਹੋਏ ਸਿੱਖਾਂ ਦਾ ਗਾਵਿਆ ਹੋਇਆ ਕੀਰਤਨ ਤੇ ਵਾਹਿਗੁਰੂ ਦਾ ਜਸ ਸਦਾ ਨਿਹਚਲ ਰਹਿਣ ਵਾਲਾ ਪਦਾਰਥ ਹੈ। ਸੱਚਾ ਗੁਰਮਤਿ ਧਰਮ, ਸੱਚਾ ਗੁਰਮਤਿ ਨਾਮ ਅਭਿਆਸ ਰੂਪੀ ਤਪ ਵੀ ਨਿਹਚਲ ਹੈ, ਜੋ ਦਿਨ ਰਾਤ ਅਰਾਧਿਆ ਜਾਂਦਾ ਹੈ, ਗੁਰਮਤਿ ਅਨੁਸਾਰ ਕੀਤਾ ਹੋਇਆ ਦਇਆ ਧਰਮ ਰੂਪੀ ਤਪ ਵੀ ਨਿਹਚਲ ਹੈ। ਜਿਸ ਦੇ ਕਰਮਾਂ ਵਿਚ ਲਿਖਿਆ ਹੋਵੇ, ਮੱਥੇ 'ਤੇ ਲਿਖਿਆ ਹੋਇਆ ਲੇਖ ਵੀ ਨਿਹਚਲ ਹੈ, ਜੋ ਕਦੇ ਟਲਾਇਆਂ ਟਲਦਾ ਨਹੀਂ। ਸਾਧ ਜਨਾਂ ਗੁਰਮੁਖਾਂ ਦੀ ਸੰਗਤ ਵੀ ਨਿਹਚਲ ਹੈ ਅਤੇ ਗੁਰੂ ਰੂਪੀ ਸਾਧ ਦੇ ਬਚਨ ਵੀ ਨਿਹਚਲ ਹਨ।*

ਹਉਮੈ ਤੇ ਦੁਬਿਧਾ ਰੋਗ ਹੀ ਬਿਆਪ ਰਹਿਆ ਹੈ, ਜਾਂ ਬਿਆਪਿਆ ਰਹੇਗਾ, ਤੇ ਸਾਰਾ ਜਗਤ ਦੁਬਿਧਾ ਰੋਗ ਦਾ ਗ੍ਰਸਿਆ ਹੋਇਆ ਹੀ ਡੁਬ ਡੁਬ ਮਰੇਗਾ।

**ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ॥**
**ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥੪॥੩॥੪॥**
**(ਭੈਰਉ ਮ. ੧, ਪੰਨਾ: ੧੧੨੬)**

ਗੁਰਮਤਿ ਤੋਂ ਛੁਟ ਹੋਰ ਕੋਈ ਵੀ ਐਸਾ ਦਰ ਘਰ (ਆਨਮਤ) ਨਹੀਂ ਹੈ, ਜਿਸ ਨੂੰ ਧਾਰਨ ਕੀਤਿਆਂ ਵਾਹਿਗੁਰੂ ਨੂੰ ਜਾਣ ਸਕੀਦਾ ਹੈ। ਐਸਾ ਇਕੋ ਦਰ (ਗੁਰੂ ਨਾਨਕ ਸਾਹਿਬ ਦਾ ਦਵਾਰਾ) ਹੀ ਸਚਿਆਰਾ ਹੈ, ਜਿਸ ਨੂੰ ਧਾਰਨ ਕੀਤਿਆਂ ਵਾਹਿਗੁਰੂ ਅਲਖ ਪਾਰਬ੍ਰਹਮ ਪਰਮੇਸ਼ਰ ਨੂੰ ਪਾ ਸਕੀਦਾ ਹੈ। ਗੁਰ ਨਾਨਕ ਸਾਹਿਬ ਤੱਤ ਵੀਚਾਰ ਇਹੋ ਉਚਾਰਨ ਕਰਦੇ ਹਨ ਕਿ ਕੇਵਲ ਸਤਿਗੁਰੂ ਦੀ ਕਿਰਪਾ ਦਵਾਰਾ ਹੀ ਪਰਮ ਪਦ ਪਾਇਆ ਜਾ ਸਕਦਾ ਹੈ।

**ਡਗਰੀ ਚਾਲ ਨੇਤ੍ਰ ਫੁਨਿ ਅਧੁਲੇ ਸਬਦ ਸੁਰਤਿ ਨਹੀ ਭਾਈ॥**
**ਸਾਸਤ੍ਰ ਬੇਦ ਤ੍ਰੈਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ॥੩॥**
**ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ॥**
**ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ॥੪॥੪॥੫॥**
**(ਭੈਰਉ ਮ.੧, ਪੰਨਾ: ੧੧੨੬)**

ਆਨਮਤ ਦੇ ਗ੍ਰਸੇ ਹੋਏ ਮਨਮਤੀ ਮਨਮੁਖ ਜਨ ਸਦਾ ਹੀ ਡੋਲਦੇ ਰਹਿੰਦੇ ਹਨ ਅਤੇ ਸਾਰੀ ਉਮਰ ਅੰਧ-ਅਗਿਆਨੀ ਹੀ ਰਹਿੰਦੇ ਹਨ, ਉਨ੍ਹਾਂ ਦੇ ਨੇਤਰਾਂ ਅੰਦਰ ਸੱਚਾ ਗਿਆਨ ਅੰਜਨ ਆਉਂਦਾ ਹੀ ਨਹੀਂ। ਸ਼ਬਦ ਸੁਰਤਿ ਉਨ੍ਹਾਂ ਨੂੰ ਭਾਉਂਦੀ ਹੀ ਨਹੀਂ, ਸ਼ਬਦ ਸੁਰਤ ਦੇ ਰਸਤੇ ਹੀ ਨਹੀਂ ਆਉਂਦੇ। ਇਹ ਸ਼ਬਦ ਸੁਰਤਿ ਦਾ ਸੱਚਾ ਪ੍ਰਮਾਰਥੀ ਗਿਆਨ ਕੇਵਲ ਗੁਰੂ ਘਰ ਤੋਂ ਹੀ ਲਭਦਾ ਹੈ। ਆਮ ਲੋਕੀ ਪਏ ਬੇਦ ਸ਼ਾਸਤ੍ਰ ਨਾਲ ਟੱਕਰਾਂ ਮਾਰਦੇ ਰਹਿੰਦੇ ਹਨ ਸਾਰੀ ਉਮਰ; ਪ੍ਰੰਤੂ ਇਹ ਸ਼ਾਸਤ੍ਰ ਬੇਦ ਸਭ ਤ੍ਰੈਗੁਣੀ ਮਾਇਆ ਹੈ। ਤਾਂ ਤੇ ਬੇਦ ਸ਼ਾਸਤ੍ਰ ਪੜ੍ਹਿਆਂ ਆਨਮਤੀ ਲੋਕ ਅਗਿਆਨੀ ਅੰਧਲੇ ਹੀ ਰਹਿੰਦੇ ਹਨ। ਇਨ੍ਹਾਂ ਆਨਮਤੀ ਪੁਸਤਕਾਂ ਦਾ ਪੜ੍ਹਨਾ ਨਿਰੀ ਧੰਧ ਕਮਾਈ ਹੀ ਹੈ।

**ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥**
**ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥੧॥**
**ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥**
**ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥੧॥ਰਹਾਉ॥**
**ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥**
**ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥੨॥**
**ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥**
**ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥੩॥**
**ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ॥**
**ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ॥੪॥**
**ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ॥**
**ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ॥੫॥੭॥੮॥**
**(ਭੈਰਉ ਮ. ੧, ਪੰਨਾ: ੧੧੨੭)**

ਇਸ ਗੁਰਵਾਕ ਤੋਂ ਸਾਫ਼ ਸਿਧ ਹੋਇਆ ਕਿ ਨਿਸਤਾਰਾ ਹੈ ਤਾਂ ਕੇਵਲ ਗੁਰੂ-ਘਰ ਤੋਂ ਪ੍ਰਾਪਤ ਹੋਏ ਗੁਰ-ਦੀਖਿਆ ਰੂਪੀ ਗੁਰ-ਮੰਤਰ ਤੋਂ ਹੀ ਹੈ। ਹੋਰ ਆਨਮਤੀ ਦੁਨੀਆ ਐਵੇਂ ਧੰਧ ਪਿਟਦੀ ਫਿਰਦੀ ਹੈ। ਆਨਮਤ ਦੇ ਦੱਸੇ ਦਸਾਏ ਹੋਏ ਬਹੁਤੇ ਜੱਗ, ਹੋਮ, ਪੁੰਨ, ਤਪ, ਪੂਜਾ ਕੀਤੇ ਹੋਏ ਸਭ ਦੇਹੀ ਨੂੰ ਦੁਖ ਦੇਣ ਵਾਲੇ ਹੀ ਸੌਦੇ ਹਨ। ਐਸੇ ਪਾਖੰਡ ਕੀਤਿਆਂ ਉਹ ਨਿਤਾਪ੍ਰਤਿ ਦੁਖ ਹੀ ਦੁਖ ਸਹਿੰਦੇ ਹਨ, ਰਾਮ ਨਾਮ, ਰਮਤ ਰਾਮ ਵਾਹਿਗੁਰੂ ਅਕਾਲ ਪੁਰਖ ਬਿਨਾਂ ਮੁਕਤੀ ਨਹੀਂ ਪਾ ਸਕਦੇ। ਮੁਕਤੀ ਮਿਲ ਸਕਦੀ ਹੈ ਤਾਂ ਗੁਰਮਤਿ ਨਾਮ ਦਵਾਰਾ ਹੀ ਮਿਲ ਸਕਦੀ ਹੈ ਅਤੇ ਗੁਰਮਤਿ ਨਾਮ ਤੋਂ ਬਿਨਾਂ ਇਸ ਪ੍ਰਾਣੀ ਦਾ ਜਗ ਵਿਚ ਜਨਮਣਾ ਹੀ ਬਿਰਥਾ ਹੈ। ਉਹ ਬਿਖ (ਵਿਹੁ) ਖਾਂਦਾ ਹੈ, ਬਿਖਿਆ ਰੂਪੀ ਵਿਹੁਲੀ ਬੋਲੀ ਬੋਲਦਾ ਹੈ, ਨਾਮ ਬਿਨਾਂ ਉਹਦਾ ਜੀਵਨ ਹੀ ਨਿਸਫਲ ਹੈ। ਬਸ, ਨਾਮ ਬਿਨਾਂ ਮਰ ਮਰ ਕੇ ਮੁੜ ਮੁੜ ਕੇ ਜੂਨੀਆਂ ਵਿਚ ਭਰਮਣ ਵਾਲੀ ਹੀ ਗੱਲ ਹੈ। ਨਾਮ ਬਿਨਾਂ, ਨਾਮ ਦੀ ਸੱਚੀ ਗੁਰਮਤਿ ਕਮਾਈ ਕੀਤੇ ਬਿਨਾਂ ਸ਼ਾਂਤਮਈ ਨਹੀਂ ਆਉਂਦੀ। ਸ਼ੁਸ਼ਕ ਸ਼ਾਂਤਮਈ ਕੁਝ ਸਾਰਦੀ ਨਹੀਂ, ਨਾ ਹੀ ਇਸ ਸ਼ੁਸ਼ਕ ਮਈ ਸ਼ਾਂਤੀ ਨੇ ਕਿਸੇ ਦਾ ਕੁਛ ਸਾਰਿਆ ਹੈ, ਨਾ ਹੀ ਸਾਰੇਗੀ। ਜੋ ਵੀ ਵਡਭਾਗਾ ਜਨ ਗੁਰਮਤਿ ਨਾਮ ਨੂੰ ਜਪੇਗਾ, ਸੋਈ ਪਾਰ ਪਵੇਗਾ।

ਆਨਮਤੀ ਪੁਸਤਕਾਂ ਦੇ ਪਾਠ ਪੜ੍ਹਿਆਂ, ਬਿਆਕਰਣ ਬੇਦਾਂਤ ਵਖਾਣਿਆਂ, ਤ੍ਰੈਕਾਲਾਂ ਵੇਲੇ ਸੰਧਿਆ ਕਰਨ, ਗਾਇਤ੍ਰੀ ਆਦਿਕ ਕਰਿਆਂ ਕੁਛ ਨਹੀਂ ਸੌਰਦਾ। ਗੁਰੂ ਦੇ ਸ਼ਬਦ ਬਿਨਾਂ, ਹੇ ਪ੍ਰਾਣੀ! ਸੱਚੀ ਕਲਿਆਨ ਮਈ ਮੁਕਤੀ ਕਿਥੇ ਹੈ?

ਸੱਚੇ ਰਮਤ ਰਾਮ ਵਾਹਿਗੁਰੂ ਨਾਮ ਦੇ ਅਭਿਆਸ ਬਿਨਾਂ ਐਵੇਂ ਉਲਝ ਉਲਝ ਕੇ ਹੀ ਮਰਨ ਵਾਲੀ ਗੱਲ ਹੈ। ਜੋ ਆਨਮਤੀ ਲੋਕ ਹੱਥਾਂ ਵਿਚ ਡੰਡਾ ਕਰਮੰਡਲ ਫੜੀ ਫਿਰਦੇ ਹਨ ਅਤੇ ਬੋਦੀ ਸਿਖਾ ਸੂਤ ਧੋਤੀ ਬੰਨ੍ਹ ਕੇ ਤੀਰਥਾਂ ’ਤੇ ਗਵਨ ਕਰਦੇ ਅਤੇ ਭਰਮਨ ਕਰਦੇ ਫਿਰਦੇ ਹਨ, ਇਹਨਾਂ ਨੂੰ ਗੁਰੂ ਘਰ ਤੋਂ ਰਮਤ ਰਾਮ ਵਾਹਿਗੁਰੂ ਨਾਮ ਪ੍ਰਾਪਤ ਹੋਏ ਬਿਨਾਂ ਕਦੇ ਵੀ ਸੱਚੀ ਸ਼ਾਂਤੀ ਨਹੀਂ ਆਉਣੀ। ਉਨ੍ਹਾਂ ਦਾ ਪਾਰ-ਉਤਾਰਾ ਹੋਣਾ ਹੈ ਤਾਂ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਹੀ ਹੋਣਾ ਹੈ। ਬੜੀਆਂ ਬੜੀਆਂ ਮਸਨੂਈ ਜਟਾਵਾਂ ਵਧਾ ਕੇ, ਉਨ੍ਹਾਂ ਨੂੰ ਸੀਸ ’ਤੇ ਬੰਨ੍ਹ ਕੇ ਆਪਣੇ ਜੂੜੇ (ਮੁਕਟ) ਬਣਾਈ ਫਿਰਦੇ ਹਨ ਅਤੇ ਸਰੀਰ ਤੇ ਭਸਮ ਲਗਾਈ ਫਿਰਦੇ ਹਨ ਅਤੇ ਬਸਤਰ ਛੋਡ ਕੇ ਤਨ ਨਗਨ ਕਰੀ ਫਿਰਦੇ ਹਨ, ਇਹ ਸਭ ਭਰਮ-ਭੁਲਾਵੇ ਵਾਲੇ ਭੇਖ ਹਨ, ਇਨ੍ਹਾਂ ਨਾਲ ਤ੍ਰਿਪਤੀ ਕਦੇ ਨਹੀਂ ਆਉਣੀ।

ਤ੍ਰਿਪਤੀ ਆਉਣੀ ਹੈ ਤਾਂ ਰਮਤ ਰਾਮ ਵਾਹਿਗੁਰੂ ਨਾਮ ਤੋਂ ਹੀ ਆਉਣੀ ਹੈ। ਉਨ੍ਹਾਂ ਦੇ ਪੂਰਬਲੇ ਕਰਮਾਂ ਦੀ ਗਤੀ ਹੀ ਐਸੀ ਹੈ ਕਿ ਜਿਸ ਦੇ ਬਧੇ ਹੋਏ ਉਹ ਕੇਵਲ ਭੇਖ ਹੀ ਭੇਖ, ਡਿੰਭ ਹੀ ਡਿੰਭ ਧਾਰਨ ਕਰੀ ਫਿਰਦੇ ਹਨ। ਜਲ ਥਲ ਮਹੀਅਲ ਵਿਖੇ ਜਿਤਨੇ ਵੀ ਜੀਅ ਜੰਤ ਹਨ, ਜਿਥੇ ਕਿਥੇ, ਭਾਵ ਸਭਨੀ ਥਾਈਂ ਤੂੰ ਸਰਬ ਜੀਆਂ ਅੰਦਰ ਵਰਤ ਰਿਹਾ ਹੈਂ, ਹੇ ਵਾਹਿਗੁਰੂ! ਪ੍ਰੰਤੂ ਗੁਰੂ ਦੇ ਪ੍ਰਸਾਦ ਕਿਰਪਾ ਦਵਾਰਾ ਤੂੰ ਤਿਸੇ ਗੁਰਮੁਖਿ ਜਨ ਨੂੰ ਇਸ ਘੁੰਮਣ-ਘੇਰੀ ਤੋਂ ਰਖ ਲੈਂਦਾ ਹੈਂ, ਜਿਸ ਨੇ ਗੁਰੂ ਨਾਨਕ ਦੇ ਘਰ ਤੋਂ ਵਿਹਾਝ ਕੇ ਝੋਲਿ ਝੋਲਿ ਹਰਿ ਰਸ ਪੀਤਾ ਹੈ।

**(ਬਾਕੀ ਅਗਲੇ ਅੰਕ ’ਚ)**

# ਪ੍ਰਾਨੀ ਕਉਨੁ ਉਪਾਉ ਕਰੈ

**ਸੋਰਠਿ ਮਹਲਾ ੯ ॥**

**ਪ੍ਰਾਨੀ ਕਉਨੁ ਉਪਾਉ ਕਰੈ ॥ ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥ ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥ ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥ ਕਲ ਮੈ ਏਕੁ ਨਾਮੁ ਕਿਰਪਾਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥ ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥ ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥**

(ਪੰਨਾ: ੬੩੨)

ਵਿਆਖਿਆ- ਜਮ ਦਾ ਤ੍ਰਾਸ ਹਰਨ ਵਾਲੀ ਭਗਤੀ ਦੀ ਪ੍ਰਾਪਤੀ ਲਈ ਪ੍ਰਾਣੀ ਨੂੰ ਕਿਹੜਾ ਉਪਰਾਲਾ ਕਰਨਾ ਉਚਿਤ ਹੈ? ਐਸਾ ਕਿਹੜਾ ਕਰਮ ਅਤੇ ਕਿਸ ਪ੍ਰਕਾਰ ਦੀ ਵਿਦਿਆ ਅਤੇ ਕਿਹੜਾ ਧਰਮ ਪ੍ਰਾਣੀ ਨੂੰ ਕਰਨਾ ਲੋੜੀਂਦਾ ਹੈ ਅਤੇ ਕਿਹੜਾ ਮੁਖ ਨਾਮ ਹੈ ਜਿਸ ਦੇ ਸਿਮਰਨ ਕੀਤਿਆਂ ਭਉ-ਸਾਗਰ ਤੋਂ ਤਰ ਜਾਈਦਾ ਹੈ?

ਏਹਨਾਂ ਪਿਛਲੇ ਪ੍ਰਸ਼ਨਾਂ ਦਾ ਉਤਰ ਹੈ ਕਿ ਕਲਜੁਗ ਵਿਖੇ ਕਿਰਪਾ ਦਾ ਨਿਧਾਨ ਇਕੋ ਹੀ ਗੁਰਮਤਿ ਨਾਮ ਸੱਚ ਨਿਧਾਨ ਹੈ, ਜੋ ਕੇਵਲ ਗੁਰ ਪ੍ਰਸਾਦਿ, ਗੁਰੂ ਦੀ ਕਿਰਪਾ ਦੁਆਰਾ ਹੀ ਮਿਲਦਾ ਹੈ, ਜਿਸ ਦੇ ਜਪਿਆਂ ਤੱਤ ਕਲਿਆਨ ਗਤਿ ਹੁੰਦੀ ਹੈ। ਹੋਰ ਕੋਈ ਕਰਮ ਧਰਮ ਉਸ ਗੁਰਮਤਿ ਨਾਮ ਸਿਮਰਨ ਦੇ ਤੁਲ ਨਹੀਂ। ਇਸ ਬਿਧਿ ਗੁਰਮਤਿ ਗਿਆਨ ਪ੍ਰਚੰਡ ਰੂਪੀ ਸੱਚੇ ਬੇਦ ਤੋਂ ਸੱਚੀ ਗਿਆਤ ਹੋਈ ਹੈ ਕਿ ਗੁਰਮਤਿ ਨਾਮ ਦੇ ਤੁਲ ਹੋਰ ਕੋਈ ਕਰਮ ਨਹੀਂ, ਨਾ ਕੋਈ ਧਰਮ ਹੈ ਜੋ ਵਾਸਤਵ ਵਿਚਿ ਕਲਿਆਨਕਾਰੀ ਹੈ। ਆਨਮਤ ਚਾਰੇ ਬੇਦਾਂ ਨੂੰ ਇਸ ਗੁਰਮਤਿ ਨਾਮ ਦੀ ਗਿਆਤ ਨਹੀਂ। ਗਿਆਤ ਹੈ ਤਾਂ ਗੁਰਬਾਣੀ ਰੂਪ ਵਿਚਿ ਦਰਸਾਏ ਗੁਰ ਗਿਆਨ ਗੰਮਤੀ ਸੱਚੜੇ ਬੇਦ ਨੂੰ ਹੀ ਗਿਆਤ ਹੈ। ਹੋਰ ਬੇਦ ਤਾਂ ਤ੍ਰੈਗੁਣਾਂ ਦੀ ਵਿਸਥਾਰਕ ਮਾਇਆ-ਮਈ ਗਿਆਤ ਹੀ ਕਮਾਉਂਦੇ ਹਨ। ਇਸ ਇਕੋ ਇਕ ਨਾਮ ਦੀ ਗਿਆਤ, ਸੱਚੁ ਗਿਆਨ ਪ੍ਰਚੰਡ ਗਿਆਤ ਕੇਵਲ ਬੇਦਾਂ ਸਿਰ ਤੱਤ ਬੇਦ ਗੁਰਮਤਿ ਦ੍ਰਿਸ਼ਟਾਏ ਬੇਦ ਨੂੰ ਹੀ ਹੈ। ਕਲਿਆਨ-ਕਾਰਕ ਨਾਮ ਕੇਵਲ ਇਕੋ ਨਾਮ ਹੈ, ਜੋ ਕੇਵਲ ਗੁਰ ਪ੍ਰਸਾਦਿ ਕਰਿ ਗੁਰ-ਦੀਖਿਆ ਸਮੇਂ ਅਧਿਕਾਰੀ ਜਨ ਨੂੰ ਮਿਲਦਾ ਹੈ। ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਇਸ ਦਾ ਭੇਦ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਕੇਵਲ ਗੁਰ ਗਿਆਨ ਪ੍ਰਸਾਦਿ ਗੰਮਤਾ ਵਿਚਿ ਹੈ। ਗੁਪਤੋ ਗੁਪਤੀ ਸੀਨਾ-ਬਸੀਨਾ ਦੀਖਿਅਤ ਚਲਿਆ ਆਉਂਦਾ ਹੈ।

ਜਿਹੜੇ ਚੁੰਚ ਗਿਆਨੀ ਇਉਂ ਆਖਦੇ ਹਨ ਕਿ ਭਾਵੇਂ ਕੋਈ ਨਾਮ ਜਪ ਲਵੋ ਸੋਈ ਪਰਵਾਨ ਹੈ, ਓਹ ਗ਼ਲਤ ਆਖਦੇ ਹਨ। ਇਸ ਗੁਰਵਾਕ ਦੁਆਰਾ ਇਹ ਗੱਲ ਸਪੱਸ਼ਟ ਹੋ ਗਈ ਕਿ "ਕਲ ਮੈ ਏਕੁ ਨਾਮੁ" ਕੇਵਲ ਇਕੋ ਹੀ ਗੁਰਮਤਿ ਨਾਮ ਹੈ, ਜੋ ਆਤਮ-ਪਰਮਾਤਮ ਗਿਆਨ-ਗੰਮਤਾ ਦੀ ਕੁੰਜੀ ਹੈ, ਗੁਰ ਹੈ। ਇਹੀ ਮੁਖ ਕੁੰਜੀ ਰੂਪੀ ਮੁਖੀ ਗੁਰ ਹੀ ਨਾਮ ਹੈ। ਹੋਰ ਸਭ ਕਿਰਤਮ ਨਾਮ ਹਨ। ਸਤਿ ਹੈ ਤਾਂ ਕੇਵਲ ਏਕੋ ਨਾਮ, ਗੁਰਮਤਿ ਨਾਮ, ਗੁਰ ਗਿਆਨ ਗੰਮਤੀ ਨਾਮੁ ਹੀ ਹੈ, ਜਿਸ ਨੂੰ ਸਪੱਸ਼ਟ ਸੰਭਾਖਣ ਦੀ ਆਗਿਆ ਗੁਰ-ਦੀਖਿਆ ਦੇਣ ਸਮੇਂ ਗੁਰ-ਦੀਖਿਆ ਦੇਣਹਾਰੇ ਪੰਚ ਪਰਵਾਨ ਪੰਚ ਪਰਧਾਨ ਗੁਰ ਪਿਆਰਿਆਂ ਨੂੰ ਹੀ ਹੈ, ਹੋਰ ਕਿਸੇ ਨੂੰ ਨਹੀਂ।

ਨਿਸ਼ਾਨੀ ਦੇ ਤੌਰ ਤੇ ਗੁਰਮਤਿ ਨਾਮ ਨੂੰ ਸਪੱਸ਼ਟਾਉਣਾ, ਪ੍ਰਗਟ ਕਰਨਾ ਗੁਣਕਾਰੀ ਨਹੀਂ। ਗੁਰੂ ਨਾਨਕ ਨੌਮੇਸ਼ ਜੀ ਭੀ ਇਸ ਗੁਰਵਾਕ ਅੰਦਰ ਗੁਰਮਤਿ ਨਾਮ ਦੀ ਬੁਝਾਰਤ ਵਲ ਇਸ਼ਾਰਾ ਹੀ ਕਰ ਗਏ ਹਨ, ਜਿਸ ਨੂੰ ਗੁਰ-ਦੀਖਿਅਤ ਗੁਰਮੁਖਿ ਅੰਮ੍ਰਿਤਧਾਰੀ ਗੁਰਸਿਖ ਹੀ ਸਮਝਦੇ ਹਨ। ਬਸ, ਇਹੀ ਏਕੋ ਗੁਰਮਤਿ ਨਾਮ ਕਰਮਨ ਸਿਰ ਕਰਮ ਹੈ ਅਤੇ ਧਰਮਨ ਸਿਰ ਧਰਮ ਹੈ। ਸਾਰੀ ਗੁਰਮਤਿ ਕਰਮ ਫ਼ਿਲਾਸਫ਼ੀ ਇਸ ਏਕੋ ਨਾਮ ਦੀ ਕਰਮ ਕਮਾਈ ਵਿਚਿ ਹੀ ਬੁਝਾਰਤੀ ਪਈ ਹੈ।

ਨਿਰਗੁਣੀ ਨਿਰੰਕਾਰ ਨਿਰੰਜਨ ਗੁਸਾਈਂ ਜੋ ਸਭਨਾਂ ਘਟਾਂ ਅੰਦਰਿ ਵਿਆਪਕ ਹੋ ਕੇ ਵਰਤਦਾ ਹੈ ਅਤੇ ਜੋ ਦੁਖ ਸੁਖ ਰਹਿਤ ਨਿਰਲੇਪਤਾ ਵਾਲੀ ਸਰਬਗਤਾ ਪੂਰਤ ਹੈ, ਓਹ ਕੇਵਲ ਇਕੋ ਇਕ ਗੁਰਮਤਿ ਨਾਮ ਅਭਿਆਸ ਕਰਮ ਕਮਾਈ ਕਰਿ ਘਟ ਅੰਤਰਿ ਹੀ ਗੁਪਤੋਂ ਪਰਗਟ ਹੁੰਦਾ ਹੈ। ਇਹ ਗੁਰਮਤਿ ਨਾਮ ਦਰਸ਼ਨ ਦਰਪੰਨੀ ਨਾਮ ਹੈ। ਨਿਰੰਕਾਰ ਦਾ ਦਰਸ਼ਨ ਦਰਸਾਉਣ ਹਿਤ ਇਹ ਨਾਮ ਦਰਪਨ ਦੀ ਨਿਆਈਂ ਹੈ। ਨਾਮੀ ਅਕਾਲ ਪੁਰਖ ਭੀ ਦਰਪਨ ਦੀ ਨਿਆਈਂ ਦਰਸ਼ਨ-ਦਰਪੰਨ ਹੋ ਕੇ ਨਾਮ ਅਭਿਆਸੀ ਗੁਰਮੁਖਿ ਪਰਧਾਨ-ਕਰੰਮੀਆਂ ਨੂੰ ਆਸ਼ਕਾਰ ਹੁੰਦਾ ਹੈ, ਹੋਰ ਕਿਸੇ ਨੂੰ ਨਹੀਂ। ਇਹੀ ਨਾਮ ਨਿਰੰਜਨਾ ਭਵ ਸਾਗਰੋਂ ਪਾਰ ਉਤਾਰਨਹਾਰਾ ਹੈ। ਯਥਾ-

**ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥ ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੯॥**

**(ਪਉੜੀ, ਰਾਗੁ ਸੋਰਠਿ ਵਾਰ ਮਹਲੇ ੪ ਕੀ, ਪੰਨਾ: ੬੪੮)**

ਭਾਵਾਰਥ- ਤਿਨ੍ਹਾਂ ਜਨਾਂ ਦੇ ਕੀਤੇ ਕਰਮ ਧਰਮ ਕਾਰਜ ਸਾਰੇ ਹੀ ਪਵਿੱਤਰ ਪਾਵਨ ਹੋ ਜਾਂਦੇ ਹਨ, ਜੋ ਹਰ ਛਿਨ ਸੁਆਸਿ ਸੁਆਸਿ ਗੁਰਮਤਿ ਨਾਮ ਦਾ ਅਭਿਆਸ ਕਰੀ ਹੀ ਜਾਂਦੇ ਹਨ। ਇਹ ਸੁਆਸ-ਗਿਰਾਸੀ ਨਾਮ ਜਪਣ ਦੀ ਜੁਗਤੀ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਦੇ ਵਡੇ ਭਾਗਾਂ ਵਿਚਿ ਗੁਰੂ ਦੇ ਸਿਖ ਬਣਨਾ ਲਿਖਿਆ ਹੋਇਆ ਹੈ ਅਤੇ ਗੁਰੂ ਦੇ ਸਿਖ ਬਣ ਕੇ ਗੁਰੂ ਸਤਿਗੁਰੂ ਸੱਚੇ ਗੁਰੂ ਨਾਨਕ ਪਾਸੋਂ ਗੁਰ-ਦੀਖਿਆ ਲਈ ਹੈ। ਗੁਰੂ ਸਰੂਪ ਪੰਜ ਪਿਆਰਿਆਂ ਦੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸ਼ਰਨਾਗਤਿ ਜਾ ਕੇ ਜੋ ਗੁਰ-ਦੀਖਿਆ ਲੈਂਦੇ ਹਨ ਤਿਨ੍ਹਾਂ ਨੂੰ ਹੀ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ। ਤਿਨ੍ਹਾਂ ਦਾ ਇਕੋ ਗੁਰਮਤਿ ਨਾਮ ਦਾ ਅਭਿਆਸ ਰੂਪੀ ਕਰਮ ਉਸ ਅਭਿਆਸੀ ਜਨ ਦੇ ਸਰਬੱਤਰ ਕਰਮਾਂ ਨੂੰ ਪਵਿੱਤਰ ਪਾਵਨ ਕਰ ਦਿੰਦਾ ਹੈ। ਸੱਚੇ ਕਰਮ-ਗਿਆਨੀ, ਗੁਰ-ਗਿਆਨ-ਗੰਮਤੀ ਕਰਮਾਚਾਰੀ ਨਾਮ ਅਭਿਆਸਕਾਰੀ ਦੇ ਕਮਾਤੇ ਜਿਹੜੇ ਭੀ ਕਰਮ ਧਰਮ ਹੈਨ, ਸਭ ਗੁਰਮਤਿ-ਨਾਮ ਪ੍ਰਾਇਣੀ ਹੀ ਹਨ, ਕੋਈ ਬਿਪਰਜੇ ਕਰਮ ਧਰਮ ਤਿਨ੍ਹਾਂ ਤੋਂ ਹੁੰਦਾ ਹੀ ਨਹੀਂ। ਨਾਮ-ਮੁਨਾਰੇ ਦੇ ਗੁਰ-ਗਿਆਨ ਪ੍ਰਚੰਡਨੇ ਚਾਨਣੇ ਵਿਚਿ ਹੀ ਉਸ ਤੋਂ ਸ੍ਰੇਸ਼ਟ ਕਰਮ ਧਰਮ ਕਾਰਜ ਹੁੰਦੇ ਹਨ, ਇਸ ਕਰਕੇ ਪਰਮ ਪਵਿੱਤ੍ਰਤਾ ਵਾਲੀ ਲਾਈਟ (ਰੌਸ਼ਨੀ) ਹੀ ਤਿਨ੍ਹਾਂ ਅੰਦਰਿ ਲਸ ਲਸ ਕਰਦੀ ਹੈ। ਨੁਕਤੇ ਨੁਕਤੇ ਵਿਚੋਂ ਉਭਰਦੀ ਹੈ।▪▪



# ਰਹੁਆਂ ਜੁਗਾਂ ਦਾ ਨਿਬੇੜਾ

ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਇੱਕੀਵੀਂ ਸਦੀ ਵਿਚ ਵਿਸ਼ਵ-ਵਿਆਪੀ ਸਿੱਖ ਪੰਥ ਆਪਣੀ ਨਿਆਰੀ ਤੇ ਨਿਰਾਲੀ ਹੋਂਦ-ਹਸਤੀ ਨੂੰ ਲੈ ਕੇ ਅਨੇਕਾਂ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਦੂਜੇ ਪਾਸੇ ਪੰਥ ਦੀ ਅੰਦਰੂਨੀ ਫ਼ੁੱਟ, ਵਿਚਾਰਧਾਰਕ ਟਕਰਾਅ ਅਤੇ ਧੜ੍ਹੇਬੰਦੀਆਂ ਦੀਆਂ ਦਿਨੋਂ-ਦਿਨ ਤਿੱਖੀਆਂ ਹੋ ਰਹੀਆਂ ਲਕੀਰਾਂ ਪੰਥ ਨੂੰ ਖੇਰੂੰ-ਖੇਰੂੰ ਕਰਨ ਦਾ ਬਾਨ੍ਹਣੂ ਬੰਨ੍ਹ ਰਹੀਆਂ ਹਨ। ਜੇਕਰ ਅਸੀਂ ਸਾਰੇ ਇਕ ਗੁਰੂ ਦੇ ਸਿੱਖ ਹਾਂ, ਸਾਡਾ ਇਸ਼ਟ ਇਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹੈ, ਸਾਡਾ ਅਕੀਦਾ ਇਕੋ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ' ਹੈ, ਸਾਡਾ ਨਿਸ਼ਾਨ ਇਕ ਹੈ, ਸਾਡਾ ਜੈਕਾਰਾ ਇਕ ਹੈ, ਸਾਡੀ ਬੋਲੀ 'ਗੁਰਮੁਖੀ' ਇਕ ਹੈ, ਅਤੇ ਫਿਰ ਵੀ ਅਸੀਂ ਏਨੀ ਬੁਰੀ ਤਰ੍ਹਾਂ ਧੜ੍ਹਿਆਂ ਅਤੇ ਨ਼ਫ਼ਰਤਾਂ ਵਿਚ ਕਿਉਂ ਵੰਡੇ ਹੋਏ ਹਾਂ ਕਿ ਗੁਰੂ ਦੀ ਸ਼ਰਨ (ਗੁਰਦੁਆਰਿਆਂ) ਵਿਚ ਵੀ ਇਕੱਠੇ ਇਤ਼ਫ਼ਾਕ ਨਾਲ ਨਹੀਂ ਬੈਠ ਸਕਦੇ ?

**ਬਿਲਾਵਲੁ ਮਹਲਾ ੩ ॥**
**ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧ ॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧ ॥ ਰਹਾਉ ॥ ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨ ॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩ ॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪ ॥੪ ॥**
(ਪੰਨਾ: ੭੯੭-੯੮)

ਵਿਆਖਿਆ- ਸਿਰਜਨਹਾਰ ਕਰਤਾਰ ਸ੍ਰਿਸ਼ਟੀ ਰਚਨਹਾਰ ਕਰਤੇ ਪੁਰਖ ਨੇ, ਪੂਰੇ ਸਰਬੱਗ ਪੁਰਖ ਨਿਰੰਕਾਰ ਨੇ ਸ੍ਰਿਸ਼ਟੀ-ਰਚਨਾ ਦਾ ਪੂਰਾ ਹੀ ਠਾਟ ਬਣਾਉ ਬਣਾਇਆ ਹੈ। ਦੇਖਣ ਵਾਲੀ ਅਚਰਜ ਗੱਲ ਇਹ ਹੈ ਕਿ ਸਭ ਇਕ-ਸਮਾਨ ਹੀ ਥਾਟ ਥਟਿਆ ਹੋਇਆ ਹੈ।

**ਪੂਰੇ ਕਾ ਕੀਆ ਸਭੁ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥**
(ਸਲੋਕ ਮ:੧, ਪੰਨਾ: ੧੪੧੨)

ਗੁਰੂ ਪੂਰੇ ਨੇ ਰਚਨਾ ਰਚਨ ਵਿਚਿ ਕਿਤੇ ਘਾਟ ਵਾਧ ਨਹੀਂ ਕੀਤੀ, ਇਕ-ਸਮਾਨ ਹੀ ਰਚਨਾ ਰਚੀ ਹੈ। ਇਹ ਰਚਿਆ ਹੋਇਆ ਸਾਰਾ ਸੰਸਾਰ ਪੰਜਾਂ ਤੱਤਾਂ ਦੀ ਹੀ ਰਚੀ ਪਰਪੰਚ ਰਚਨਾ ਹੈ। ਸਾਰੇ ਸੰਸਾਰੀ ਪੁਰਸ਼ ਪੰਚ-ਤੱਤਕੀ ਪੰਜ-ਭੂਤਕੀ ਕਰਮ ਕਰਦੇ ਹਨ। ਪਰ ਇਸ ਪਰਪੰਚ ਸੰਸਾਰ ਵਿਚਿ ਵਡਿਆਈ ਹੈ ਤਾਂ ਸਾਚੇ ਨਾਮ ਨਿਰਬਾਨੀ ਕਰਮ ਕਮਾਈਆਂ ਕਰਨਹਾਰਿਆਂ ਦੀ ਹੈ। ਹੋਰ ਕਿਸੇ ਕਰਮ ਦੀ, ਕਿਸੇ ਆਨ ਕਰਮ ਕਰਨਹਾਰੇ ਦੀ ਵਡਿਆਈ ਨਹੀਂ। ਮਤੇ ਕੋਈ ਆਨ ਪਰਪੰਚ ਕਰਮੀ ਆਪਣੇ ਪਰਪੰਚ ਕਰਮ ਦੀ ਵਡਿਆਈ ਲਈ ਫਿਰੇ ਤੇ ਕਰਮ ਵਡਿਆਈ ਦਾ ਅਭਿਮਾਨ ਕਰੀ ਫਿਰੇ, ਅਭਿਮਾਨ ਕਰ ਕੇ ਆਪਣੇ ਹਿਰਦੇ ਅੰਦਰਿ ਧਰੀ ਫਿਰੇ। ਜੇ ਕੋਈ ਕਿਸੇ ਹੋਰ ਆਪਣੇ ਕੀਤੇ ਕਰਮਾਂ ਦਾ ਅਭਿਮਾਨ ਆਪਣੇ ਮਨ ਵਿਚ ਕਰਦਾ ਹੈ, ਉਸ ਦਾ ਐਸਾ ਕਰਨਾ ਬਿਰਥਾ ਹੈ। ਬਿਰਥਾ ਹੀ ਨਹੀਂ, ਮਹਾਂ ਮੂਰਖਤਾ ਭਰਿਆ ਗੁਮਾਨ ਹੈ। ਤ੍ਰਿਤੀਏਸ ਗੁਰੂ ਨਾਨਕ ਅਮਰੇਸ਼ ਨੇ ਮੋਹਰ ਲਾ ਦਿੱਤੀ ਹੈ ਕਿ ਪਰਪੰਚ-ਰਚਨਾ ਦੇ ਪਰਪੰਚੀ ਲੋਕਾਂ ਦੇ ਪਰਪੰਚ ਕਰਮਾਂ ਦੀ ਕੋਈ ਵਡਿਆਈ ਨਹੀਂ। ਇਸ ਪਰਪੰਚ ਵਿਖੇ ਵਡਿਆਈ ਹੈ ਤਾਂ ਸਾਚੇ ਨਾਮ, ਨਿਰਬਾਣੀ ਨਾਮ ਕਰਮ ਅਭਿਆਸ ਦੀ ਹੈ। ਆਨ ਪਰਪੰਚ-ਕਰਮੀ ਆਪੋ ਆਪਣੇ ਕਰਮਾਂ ਧਰਮਾਂ ਦਾ ਫ਼ਜ਼ੂਲ ਮਾਨ ਗੁਮਾਨ ਕਰੀ ਫਿਰਦੇ ਹਨ।

ਸਤਿਗੁਰੂ ਦੀ ਜਿਸ ਨੂੰ ਸੱਚੀ ਸੁਮਤਿ ਗੁਰਮਤਿ ਮਤਿ ਆਉਂਦੀ ਹੈ, ਉਹ ਸੱਚੇ ਸਤਿਗੁਰੂ ਤੋਂ ਗੁਰ-ਦੀਖਿਆ ਲੈ ਕੇ, ਉਸ ਗੁਰ-ਦੀਖਿਆ ਅਨੁਸਾਰੀ ਕਰਮ ਕਮਾਈਆਂ ਕਰਦਾ ਹੈ ਅਤੇ ਇਹ ਕਰਮ ਕਮਾਈਆਂ ਕਰਦਾ ਕਰਦਾ ਸਤਿਗੁਰੂ ਦੇ ਸਰੂਪ ਵਿਖੇ ਸਮਾ ਜਾਂਦਾ ਹੈ। ਇਹ ਕਰਮ ਕਮਾਈ ਸੱਚੇ ਨਾਮ ਦੀ ਹੀ ਹੈ, ਜੋ ਗੁਰ-ਦੀਖਿਆ ਗੁਰ-ਮੰਤਰ ਦੁਆਰਾ ਸਤਿਗੁਰੂ ਦੇ ਦੁਆਰਿਓਂ ਗੁਰਸਿਖਾਂ ਗੁਰਮੁਖਿ ਜਨਾਂ ਨੂੰ ਪ੍ਰਾਪਤਿ ਹੁੰਦੀ ਹੈ, ਜਿਸ ਨਾਮ ਅਭਿਆਸ-ਮਈ ਕਰਮ-ਕਮਾਈ ਨੂੰ ਕਰਿ ਕਰਿ ਉਕਤ ਗੁਰਮੁਖਿ ਜਨ ਪੰਚ ਪਰਵਾਨ ਪੰਚ ਪਰਧਾਨ

ਗੁਰੂ ਵਰ ਦਰ ਨੀਸ਼ਾਨੇ ਹੋ ਜਾਂਦੇ ਹਨ। ਜੋ ਸਤਿਗੁਰੂ ਦੀ ਉਪਦੇਸ਼ ਦੀਖਿਆ ਰੂਪੀ ਬਾਣੀ ਨੂੰ ਮਨੋਂ ਤਨੋਂ ਹਿਤੋਂ ਚਿਤੋਂ ਜਿਗਰੋਂ ਸਤਿ ਜਾਣ ਕੇ ਮੰਨਦਾ ਹੈ ਤਿਸ ਗੁਰਮੁਖਿ ਜਨ ਦੇ ਹੀ ਹਿਰਦੇ ਅੰਦਰਿ, ਅੰਤਰਿ ਆਤਮੇ, ਰਗੋ ਰੇਸ਼ੇ ਅੰਦਰਿ, ਰੋਮ ਰੋਮ ਵਿਚ ਸੱਚੜਾ ਨਾਮ ਦ੍ਰਿੜ੍ਹਤਾ ਸਹਿਤ ਪਰਵੇਸ਼ ਹੋ ਜਾਂਦਾ ਹੈ। ਓਹੀ ਜਨ ਜੁਟ ਕੇ ਤੇ ਟੁਟ ਕੇ ਨਾਮ ਅਭਿਆਸ ਕਮਾਈਆਂ ਕਰਦਾ ਹੈ। ਏਸੇ ਪਰਧਾਨ ਕਰਮ ਦੁਆਰਾ ਹੀ ਨਿਸਤਾਰਾ ਪਾਰ-ਉਤਾਰਾ ਹੈ। ਇਹੀ ਨਾਮ ਅਭਿਆਸ ਰੂਪੀ ਸੱਚੜਾ ਪਰਧਾਨ ਕਰਮ ਹੀ ਸਫਲ ਫਲਾਰਾ ਹੈ।

ਗੁਰਮਤਿ ਨਾਮ ਦੀ ਇਸ ਪਰਧਾਨਤਾ (ਫ਼ਜ਼ੀਲਤ) ਦਾ ਤੱਤ ਨਿਬੇੜਾ ਹੁਣ ਨਿਬੇੜਾ ਹੈ। ਸਾਰੇ ਜੁਗਾਂ ਦੇ ਪਰਖ-ਦੇਖੇ ਕਰਮਾਂ ਦੇ ਗੁੱਰਤ ਜ਼ਮੀਰ ਨੂੰ ਪਰਤੱਖ ਹੋਏ ਤਜਰਬਿਆਂ ਦਾ ਤੱਤ ਨਿਚੋੜ ਇਹੀ ਹੈ ਕਿ ਮਾਨੁਖ ਜਾਤੀ ਦੇ ਹਰ ਫ਼ਰਦੇ ਬਸ਼ਰ ਲਈ ਬਰਕਤਾਂ ਦਾ ਖ਼ਜ਼ਾਨਾ ਇਕੋ ਗੁਰਮਤਿ ਨਾਮ ਅਤੇ ਗੁਰਮਤਿ ਨਾਮ ਅਭਿਆਸ ਮਈ ਤੱਤ ਗੁਰਮਤਿ ਕਰਮ ਹੀ ਹੈ। ਨਾਮ-ਨਿਧਾਨੀ ਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ ਇਕ ਸਰਬੋਤਮ ਕਰਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚਿ ਮੰਨੀ-ਪਰਮੰਨੀ ਗਈ ਹੈ। ਨਰ ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰਿ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ ਗੁਰਮੁਖਿ ਪਰਧਾਨ ਕਰਮ ਵਾਲਿਆਂ ਦੀ ਹੀ ਹਰਕੇ ਕਰਮ-ਛੇਤਰ ਅੰਦਰਿ ਜੈ-ਬਿਜੈ ਹੋਣੀ ਹੈ, ਹਰ ਮੈਦਾਨ ਫ਼ਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪ੍ਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚਿ ਹੀ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸ ਬਾਸਰ ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂ ਤੇ ਚੌਹਾਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖਿ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤਾ ਮਿਲਣ ਦੀ ਹੈ। ਮਲੇਛ ਰਾਜ ਦੇ ਸਦੀਟਾਂ ਬੱਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨ ਕਰਕੇ, ਇਸ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗ਼ੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੋਈ ਹੈ, ਜਿਸ ਕਰਕੇ ਖਾਲਸਈ ਤੰਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਨੂ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਮਰਮ ਧਰਮ ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿੱਖੀ ਦਾ ਹੈ। ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ। ਨਾਮ-ਨਿਧਾਨੀ ਪਰਧਾਨ-ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ, ਅਹੰਮਤਿ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਈ ਗ਼ੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ ਰਹੀ। ਨਿਪ੍ਰੰਸਕ ਆਨਮਤੀ ਹਕੂਮਤ ਦੀ ਚਾਕਰੀ ਗ਼ੁਲਾਮੀ ਕਰਨਾਂ ਬੜਾ ਭਾਰਾ ਫ਼ਖ਼ਰ ਸਮਝਦੇ ਹਨ। ਪੰਥ ਵਿਚਿ ਫੋਕੀ ਚੌਧਰਤਾ ਹੀ ਭਾਲਦੇ ਹਨ। ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰਿ ਵਰਤੇਗਾ। ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ। ਪੁਰਾਣੀਆਂ ਸਾਖੀਆਂ ਵਿਚ ਇਹ ਬਚਨ ਆਉਂਦੇ ਹਨ:

**ਮਲੇਛ ਖਾਲਸਾ ਹੋਸੀ ਨਾਸ॥**
**ਪੰਥ ਖਾਲਸਾ ਹੋਸੀ ਪ੍ਰਕਾਸ਼॥**

**"ਜਾ ਕਉ ਹਰਿ ਰਾਂਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥** (ਮ:੫, ਪੰਨਾ: ੬੭੯) ਦੇ ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸੱਚੇ ਸੂਰਮਿਆਂ ਸੂਰਬੀਰਾਂ ਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ ਆਤਮ ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ। ਇਸ ਜੁਗ ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ ਗੁਰਮੁਖਿ ਜਨ ਖਾਲਸਾ ਕੌਮ ਅੰਦਰਿ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ, ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚਹੁੰਆਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ। ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂੰ ਖਾਲਸਾ ਕੌਮ ਅੰਦਰਿ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ ਸੁਰਮੱਤ ਪਰਧਾਨ ਸਪਿਰਟ ਦੇ ਤਾਣ। ਖਾਲਸਈ ਸਪਿਰਟ ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ, ਸਪਿਰਟੋਂ ਘੁੱਥਿਆਂ ਨੂੰ ਦਿਸਦਾ ਨਹੀਂ।

**ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥੮॥**
**(ਗਉੜੀ ਸੁਖਮਨੀ ਮ: ੫, ਪੰਨਾ: ੨੯੩)**

ਸਪਿਰਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡ-ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਇਂ ਵਾਲਾ ਹਲੇਮੀ ਰਾਜ ਵਰਤ ਜਾਵੇ, ਜਾਂ ਤੇ ਪਰਜਾ ਭੀ ਸੁਖੀ ਵਸੇ ਅਤੇ ਪਰਜਾ-ਪਤੀ ਭੀ ਸੁਖੀਏ ਸੁਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ। ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅੱਜ ਦੀ ਧਰਮ ਨਿਆਇਂ ਤੋਂ ਹੀਣ ਹੀਜੜੀ ਸਰਕਾਰ ਦੀ ਗ਼ੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖ਼ਾਰਜ ਹੋ ਜਾਣਗੇ। ਏਹਨਾਂ ਅੰਦਰਿ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ' ਦਾ ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤਿ ਵਾਲੇ ਯਰਕਈ ਸਿੱਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੈਸਾਣੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਜੋ ਹਿੰਦੁਸਤਾਨ ਅੰਦਰ ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚਿ ਨਹੀਂ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗ਼ੈਰਤ ਨਾਮ ਨਿਹਾਦ ਸਿੱਖਾਂ, ਗ਼ੈਰ ਹਕੂਮਤ ਦੀ ਚਾਕਰੀ ਵਾਲੇ ਗ਼ੁਲਾਮਾਂ ਦੇ ਬੇਦਰਦ ਹਿਰਦਿਆਂ ਅੰਦਰਿ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਹੀ ਆਉਣਾ ਸੀ, ਸਗੋਂ ਓਹਨਾਂ ਨੇ ਨਿਸੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਨਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊਨਿਸਟ ਦੱਸਣ ਦੀ ਕੁਹਜੀ ਕਰਤੂਤ ਕੀਤੀ ਤੇ ਉਲਟੀ ਖ਼ੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪ੍ਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗਾਂ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ ਦਰਬਾਰ ਵਿਚਿ ਜਾ ਸੁਰਖ਼ਰੂ ਹੋਈਆਂ। ਸਾਨੂੰ ਮੁਸੱਰਤ ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ

ਏਹਨਾਂ ਦੀਆਂ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ। ਅਜਿਹੀਆਂ ਸਤੋਗੁਣੀਆਂ ਰੂਹਾਂ ਨਿਸ਼ਕਾਮ ਪੰਥ ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰਿ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਟ ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਇਗਾ ਅਤੇ ਹੱਕੋ ਹੱਕ ਨਿਆਉਂ ਨਿਬੇੜਾ ਕਰੇਗਾ। ਚਹੁੰਆਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਤੱਤ-ਫੜੱਤੀ ਆਸਾਰ ਹਨ। ਚਹੁੰਆਂ ਜੁੱਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚਿ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲਿ ਵਾਛੜ ਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰਿ ਵਰਸੇਗਾ। ਇਸ ਵਿਚਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆਂ ਨੂੰ ਭੀ ਇਸ ਜੁਗ ਅੰਦਰ ਗੁਰੂ ਖਾਲਸਾ ਜੀ ਦੀ ਛਤਰ-ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇਗੀ, ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈ ਕੇ ਫੇਰ ਜੁਗਾਂ ਜੁਗੰਤਰੀ ਘੁੰਮਣ-ਘੇਰੀ ਦੀ ਲਪੇਟ ਵਿਚਿ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰਿ ਮਿਹਰ ਨਾਲਿ ਹੁਣ ਦੇ ਨਿਆਉਂ-ਨਿਬੇੜੇ ਕਲਜੁਗ ਜ਼ਮਾਨੇ ਅੰਦਰਿ ਸਰਬੱਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾ ਪ੍ਰਾਪਤਿ ਹੈ। "ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥" ਦਾ ਧੁਰਿ ਧੁਰੰਦਰੀ ਉਚਰਿਆ ਹੋਇਆ ਭਵਿਖਤੀ ਗੁਰਵਾਕ ਪ੍ਰਾਣੀ ਮਾਤਰ ਦੇ ਉਧਾਰ ਲਈ ਹੈ। ਹਰੇਕ ਪਿਛਲ ਜੁਗਾਂ ਵਿਚਿ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। "ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ" ਪਿਤਲੇ ਜੁਗਾਂ ਸਤਿਜੁਗ, ਤ੍ਰੇਤਾ, ਦੁਆਪਰੀ ਜੁਗਾਂ ਦਾ ਧਰਮ ਕਰਮ ਸਤ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਜਿਹੜਾ ਜੁਗਾਂ ਵਾਲੇ ਜੀਵਾਂ ਦਾ ਨਿਸਤਾਰਾ ਨਹੀਂ ਹੋਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮ ਦੇ ਕੀਤਿਆਂ ਹੀ ਹੋਣਾ ਹੈ, ਚਾਹੇ ਕਿਤਨੀਆਂ ਭੁਆਟਣੀਆਂ ਖਾ ਖਾ ਕੇ ਜੁਗਾਂ ਜੁਗੰਤਰੀ ਜੀਵ ਆਨਮਤਿ ਕਰਮ ਕਰਿ ਕਰਿ ਥਕ ਲੈਣ। "ਕਲਿ ਮਹਿ ਕੀਰਤਿ ਹਰਿ ਨਾਮਾ॥" ਸੋ ਤੱਤ-ਨਿਧਾਨੀ ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਨਮ-ਭਵੰਤਰੀ ਜੀਵਾਂ ਦਾ ਉਧਾਰ ਨਿਸਤਾਰਾ ਕਰਨਾ ਹੈ।

**ਇਹੁ ਨਿਧਾਨੁ ਜਪੈ ਮਨਿ ਕੋਇ॥ ਸਭ ਜੁਗ ਮਹਿ ਤਾ ਕੀ ਗਤਿ ਹੋਇ॥ ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥ ਸਗਲ ਮਤਾਂਤ ਕੇਵਲ ਹਰਿ ਨਾਮ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥**

**(ਗਉੜੀ ਸੁਖਮਨੀ ਮ:੫, ਪੰਨਾ: ੨੬੬)**

ਇਹ ਨਾਮ ਰੂਪੀ ਨਿਧਾਨ ਖ਼ਜ਼ਾਨਾ ਪਾ ਕੇ ਜਿਸ ਕਿਸੇ ਨੇ ਭੀ ਇਸ ਦੀ ਵਰਤੋਂ, ਕਿਰਤ ਕਮਾਈ, ਜਾਪ ਅਭਿਆਸ ਮਈ ਕਿਰਤ ਕਮਾਈ ਕੀਤੀ ਹੈ ਸਭ ਜੁਗਾਂ ਮਾਹੀਂ, ਚਹੁੰਆਂ ਜੁਗਾਂ ਦੇ ਪ੍ਰਾਣੀਆਂ ਵਿਚੋਂ ਕੇਵਲ ਉਸੇ ਨਾਮ ਨਿਧਾਨੁ ਜਪਣਹਾਰੇ ਦੀ ਗਤਿ-ਕਲਿਆਣ ਹੋਈ ਹੈ, ਹੁੰਦੀ ਹੈ ਅਤੇ ਹੋਵੇਗੀ। ਹੋਰ ਕਿਸੇ ਜੁਗ ਜੁਗੰਤਰੀ ਪਰਸਿਧ ਕਰਮ ਧਰਮ ਦੁਆਰ ਕਿਸੇ ਭੀ ਪ੍ਰਾਣੀ ਦੀ ਗਤਿ-ਕਲਿਆਣ ਨਹੀਂ ਹੁੰਦੀ, ਨਾ ਹੋ ਸਕਦੀ ਹੈ। ਨਾਮ ਨਿਧਾਨੀ ਪਰਧਾਨ ਕਰਮੀ ਗੁਰਮੁਖਿ ਜਨਾਂ ਦਾ ਗੁਣ ਗੋਬਿੰਦ ਗਾਉਣਾ ਅਤੇ ਨਾਮ ਧੁਨੀ ਨੂੰ ਧੁਨਾਉਣਾ, ਗੁਰਬਾਣੀ ਨੂੰ ਉਚਾਰਨਾ ਇਹੀ ਸ਼ਾਸਤ੍ਰ ਸਿਮ੍ਰਿਤਿ ਬੇਦ ਉਚਾਰਨਾ ਹੈ। ਨਾਮ ਨਿਧਾਨੀ ਗੁਰਸਿੱਖਾਂ ਗੁਰਮੁਖਾਂ ਗੁਰਮੁਖਿ ਪਰਧਾਨੀਆਂ ਦੇ ਨਿਕਟ ਨਾਮ ਨਿਧਾਨ ਨੂੰ ਜਪਣਾ ਅਤੇ ਨਾਮ-ਧੁਨੀਆਂ ਵਿਚਿ ਮਸਤੂਲ ਮਸਤ ਹੋ ਕੇ ਗੁਣ ਗੋਬਿੰਦ ਗਾਵਣਾ ਹੀ ਸਿਮ੍ਰਿਤਿ ਸ਼ਾਸਤ੍ਰ ਬੇਦ ਉਚਾਰਨਾ ਹੈ। ਹੋਰ ਕੋਈ ਆਨਮਤਿ ਸ਼ਾਸਤ੍ਰ-ਬੇਦ ਸਿਮਰਤੀ ਗੁਰਸਿੱਖਾਂ ਦਾ ਅਭਿਆਸ ਵਿਸ਼ਾ ਨਹੀਂ। ਉਸ ਨੇ ਸਾਰੇ ਸ਼ਾਸਤ੍ਰ ਸਿਮ੍ਰਿਤਿ ਬੇਦ ਵਖਾਣ ਲਏ, ਜਿਸ ਨੇ ਨਾਮ ਨਿਧਾਨ ਨੂੰ ਜਪ ਲਇਆ। ਐਸੀ ਉਚ ਪਾਰਸ-ਕਲਾ ਹੈ ਨਾਮ ਨਿਧਾਨ ਜਪੀਸ਼ਰਾਂ ਦੀ। ਇਸੇ ਕਲਾ ਦੁਆਰਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੱਚੇ ਗੁਰੂ ਪਾਤਸ਼ਾਹ ਨੇ ਆਪਣੀ ਚੋਜਲਾਣੀ ਚੋਜ ਵਿਡਾਣੀ ਛਿਟੀ ਦੀ ਪਾਰਸ-ਛੋਹ ਨਾਲਿ ਨਾਮ ਨਿਧਾਨ ਦੀ ਰੌ, ਮੂੜ੍ਹ ਅਗਿਆਨੀ ਗੁੰਗਲੇ ਪਿੰਗਲੇ ਝੀਵਰ ਦੇ ਰੋਮ ਰੋਮ ਅੰਦਰਿ ਚਲਾ ਦਿੱਤੀ। ਪਾਰਸ-ਛੋਹੀ ਨਾਮ-ਨਿਧਾਨ ਦੇ ਪਰਤਾਪ ਨਾਲਿ ਉਸ ਦੇ ਐਸੇ ਕਪਾਟ ਖੁਲ੍ਹੇ ਕਿ ਸਪਤ ਸਲੋਕੀ ਸੰਸਕ੍ਰਿਤੀ ਗੀਤਾ ਦਾ ਸਣੇ ਅਸਲ ਅਰਥਾਂ ਦੇ ਉਸ ਨੇ ਵਖਿਆਨ ਦਿੱਤਾ। "**ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ**" ਦੇ ਇਹ ਤੱਤ ਵਾਸਤਵੀ ਅਰਥ ਹਨ ਉਪਰਲੀ ਸੁਖਮਨੀ ਸਾਹਿਬ ਦੀ ਤੁਕ ਦੇ। ਕੇਵਲ ਗੁਰਮਤਿ ਨਾਮ ਵਿਚਿ, ਗੁਰਮਤਿ ਨਾਮ ਦੀ ਪ੍ਰਭਾ ਵਿਚਿ ਸਗਲ ਮਤ-ਮਤਾਂਤਰ ਅਤੇ ਮਤ-ਮਤਾਂਤਰੀ ਬੇਦ ਮੰਤ੍ਰ ਆਦਿਕ ਆ ਗਏ। ਓਹਨਾਂ ਆਨਮਤਿ ਮਤਾਂਤਰੀ ਮੰਤ੍ਰਾਂ ਦੀ ਨਾਮ-ਨਿਧਾਨੀ ਗੁਰਮੁਖਿ ਜਨਾਂ ਨੂੰ ਲੋੜ ਨਹੀਂ ਰਹੀ। ਨਾਮ ਨਿਧਾਨੀ ਗੋਬਿੰਦ ਭਗਤ ਦੇ ਮਨ ਅੰਦਰਿ ਉਕਤ ਮਤਾਂਤ ਮਤ-ਮਤਾਂਤਰੀ ਐਉਂ ਨਿਵਾਸ ਬਿਸਰਾਮ ਕਰਦੇ ਹਨ ਜਿਵੇਂ ਗੁੰਗੇ ਬਹਿਰੇ ਨਾਮ ਨਿਧਾਨੀ ਪਿੰਗਲੇ ਦੇ ਅੰਦਰਿ ਪਰਵੇਸ਼ ਕਰ ਗਏ ਸਨ। ਤਾਂ ਤੇ ਕਲਜੁਗ ਅੰਦਰਿ ਜੋ "ਕੀਰਤਿ ਹਰਿ ਨਾਮਾ" ਸਿਫਤ ਸਾਲਾਹ ਨਾਮ ਅਭਿਆਸ ਦੀ ਕਰਣੀ ਕਮਲ ਜਮਾਲ ਹੈ, ਜਿਸ ਕਰਮਲ ਜਮਾਲੀ ਕਰਮ ਦੇ ਤੁੱਲ ਹੋਰ ਕੋਈ ਜੁਗ-ਜਗਾਂਤਰੀ ਕਰਮ ਨਹੀਂ ਤੁਲਦਾ ਢੁਕਦਾ, ਤ੍ਰਿਕਾਲ-ਦਰਸੀ ਸਤਿਗੁਰ ਅੰਤਰਯਾਮੀ ਨੇ ਸਾਰੇ ਜੁਗ ਜੁਗੰਤਰੀ ਧਰਮ ਕਰਮ ਵਾਲੇ ਬੇਦਾਂ ਤੇ ਪੁਰਾਣਾਂ ਨੂੰ ਸੋਧ ਕੇ ਵੇਖ ਲਿਆ ਅਤੇ ਸੋਧ ਕੇ ਇਹ ਸਿੱਟਾ ਕਢਿਆ ਕਿ ਓਹਨਾਂ ਆਨਮਤਾਂ ਦਾ ਜੁਗਿ ਜੁਗਿ ਆਪੋ ਆਪਣਾ ਧਰਮ ਹੀ ਚਹੁੰਆਂ ਜੁਗਾਂ ਦੇ ਆਨਮਤਿ ਕਰਮ-ਕਾਂਡੀਆਂ ਨੇ ਧਾਰਨ ਕੀਤਾ ਹੋਇਆ ਹੈ।

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥**

**(ਗਉੜੀ ਬੈਰਾਗਣਿ ਰਵਿਦਾਸ ਜੀਉ, ਪੰਨਾ: ੩੪੬)**

ਅਰਥਾਤ, ਸਤਿਜੁਗ ਅੰਦਰਿ ਸਤਵਾਦੀ ਹੋਣਾ ਸਚ ਬੋਲਣਾ ਕਰਮ ਹੀ ਪਰਧਾਨ ਸੀ। ਤ੍ਰੇਤਾ ਜੁਗ ਅੰਦਰਿ ਯੱਗ ਕਰਨੇ ਤੇ ਦੁਆਪਰ ਜੁਗ ਅੰਦਰਿ ਪੂਜਾ ਆਚਾਰ ਕਰਮ ਕਰਨੇ ਮੁਖ ਧਰਮ ਸਨ। ਤਿਹਾਂ ਜੁਗਾਂ ਅੰਦਰਿ ਇਹ ਉਪਰ ਦੱਸੇ ਤਿੰਨੇ ਪ੍ਰਕਾਰ ਦੇ ਕਰਮ ਧਰਮ ਹੀ ਪਰਵਿਰਤ ਸਨ। ਪ੍ਰੰਤੂ ਕਲਜੁਗ ਅੰਦਰ ਤਾਂ ਕੇਵਲ ਨਾਮ ਨਿਰਬਾਣੀ ਪਰਧਾਨ ਕਰਮ ਹੀ ਸਭ ਦਾ ਆਧਾਰ ਰੂਪ ਹੈ। ਏਸੇ ਦੇ ਆਧਾਰ ਆਸਰੇ ਹੀ ਸਭ ਦਾ ਉਧਾਰ ਹੋਣਾ ਹੈ, ਸਾਰੇ ਜੁਗਾਂ ਦਾ ਉਧਾਰ ਨਿਸਤਾਰਾ ਹੋਣਾ ਹੈ। ਤਾਂ ਤੇ ਹੋਰਸ ਤਿਹਾਂ ਜੁਗਾਂ ਅੰਦਰਿ ਆਨਮਤਿ ਕਰਮ ਧਰਮ ਕੀਤੇ ਸਭ ਐਵੇਂ ਨਿਸਫਲ ਹੀ ਗਏ। "ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ॥" ਜਿਨ੍ਹਾਂ ਗੁਰਮੁਖਾਂ ਨੇ ਗੁਰਮਤਿ ਨਾਮ ਨੂੰ ਧਿਆਇਆ, ਸੇਈ ਅਭਿਆਸ ਕਰਮ ਕਮਾਈਆਂ ਵਾਲੇ ਗੁਰਮੁਖਿ ਜਨ ਪੂਰੇ ਪਰਵਾਨ ਪਏ ਹਨ।

ਤਿਨ੍ਹਾਂ ਦੀ ਅਭਿਆਸ ਕਰਮ ਕਮਾਈ ਹੀ ਲੋਕ ਪਰਲੋਕ ਪਰਵਾਨ ਪਈ ਹੈ। ਸੋਈ ਗੁਰਮੁਖਿ ਨਾਮ ਧਰਮੀ ਪਰਧਾਨ ਕਰਮੀ ਹਨ। ਇਸ ਬਿਧਿ ਸੱਚੀਆਂ ਨਾਮ ਅਭਿਆਸ ਕਮਾਈਆਂ ਕਰਿ ਕਰਿ ਜਿਹੜੇ ਗੁਰਮੁਖਿ ਜਨ ਸੱਚੇ ਵਾਹਿਗੁਰੂ ਪ੍ਰੀਤਮ ਨਾਲਿ ਪ੍ਰੇਮ ਪ੍ਰੀਤ ਪਿਆਰ ਵਾਲਾ ਨੇਹੁੰ ਲਾਉਂਦੇ ਹਨ, ਤਿਨ੍ਹਾਂ ਦੇ ਮਨ ਅੰਦਰਿ ਮਾਨ ਅਭਿਮਾਨ ਦੀ ਰਾਈ ਭੀ ਨਹੀਂ ਰਹਿੰਦੀ। ਹੋਰਤ ਆਨਮਤਿ ਕਰਮ ਕਰਨਹਾਰੇ ਕਰਮ-ਅਭਿਮਾਨੀ ਹੋ ਜਾਂਦੇ ਹਨ। ਇਸ ਕਰਮ ਅਭਿਮਾਨ ਤੋਂ ਬਿਨਾਂ ਤਿਨ੍ਹਾਂ ਦੇ ਪੱਲੇ ਹੋਰ ਕੁਛ ਨਹੀਂ ਪੈਂਦਾ। ਗੁਰਬਾਣੀ ਨੂੰ, ਗੁਰਮਤਿ ਨਾਮ ਨੂੰ ਕਹਿਣ ਸੁਨਣਹਾਰੇ ਸਾਰੇ ਸੱਚੇ ਸਦੀਵੀ ਸੁਖ ਨੂੰ ਪ੍ਰਾਪਤਿ ਹੁੰਦੇ ਹਨ ਅਤੇ ਅਜਿਹੀਆਂ ਨਾਮ-ਅਨੰਦੀ ਕਰਮ-ਕਮਾਈਆਂ ਕਰਨਹਾਰੇ ਨਾਮ ਨਿਧਿਆਸਨੀ ਜਨ ਵਾਹਿਗੁਰੂ ਦੇ ਸੱਚੇ ਦਰਸ਼ਨ-ਮਿਲਾਪ ਰੂਪ ਤੱਤ-ਜੋਤਿਤ ਜੋਤਿ-ਖ਼ਜ਼ਾਨੇ ਦੇ ਮਾਲਕ ਬਣ ਜਾਂਦੇ ਹਨ।▪▪

# ਇਸ਼ਕ-ਮਜਾਜ਼ੀ ਤੇ ਇਸ਼ਕ-ਹਕੀਕੀ

ਕਾਇਲ ਹਨ ਉਨ੍ਹਾਂ ਨੇ ਤਾਂ ਨਫ਼ਸਾਨੀ ਇਸ਼ਕ ਜਜ਼ਬੇ ਦੇ ਮੋਹ ਮਮਤਾ ਮਈ ਖ਼ਿਆਲ ਪ੍ਰਗਟ ਕਰਨੇ ਹੀ ਸਨ, ਪ੍ਰੰਤੂ ਜੋ ਜਨ ਇਸ਼ਕ-ਹਕੀਕੀ ਦੇ ਕਾਇਲ ਸਦਾਂਦੇ ਹਨ ਉਹ ਭੀ ਆਪਣੇ ਲੇਖਾਂ ਅੰਦਰ, ਆਪਣੇ ਖ਼ਿਆਲਾਂ ਅੰਦਰ ਸ਼ਹਿਵਤੀ (ਕਾਮ-ਉਪਜਾਊ) ਅਤੇ ਜਜ਼ਬਾਤੀ ਨਫ਼ਸ ਦੇ ਹੀ ਖ਼ਿਆਲ ਪ੍ਰਗਟ ਕਰਦੇ ਹਨ। ਐਸਾ ਜਾਪਦਾ ਹੈ ਕਿ ਤਿਨ੍ਹਾਂ ਅੰਦਰ ਗੁਰਮਤਿ-ਪਰਮਾਰਥ-ਭਿੰਨੇ ਇਸ਼ਕ ਹਕੀਕੀ ਦਾ ਸੱਚਾ ਜਜ਼ਬਾ ਹੀ ਉਤਪੰਨ ਨਹੀਂ ਹੋਇਆ। ਤਿਨ੍ਹਾਂ ਦੀ ਖ਼ੁਦ-ਸਾਖ਼ਤ ਇਬਾਰਤ-ਅਰਾਈ (ਨਿਜ-ਘੜੀ ਲੇਖਣੀ) ਭੀ ਬੜੀ ਹੀ ਗਿਰੀ ਹੋਈ ਜਜ਼ਬਾਤੀ ਕਵਿਤਾਵਾਂ ਨਾਲ ਭਰੀ ਹੋਈ ਹੋਵੰਦੀ ਹੈ।

ਅਸਾਡੇ ਪੰਥਕ ਪੇਪਰਾਂ ਦੇ ਐਡੀਟਰ ਅਜਿਹੇ ਵਹਿਣਾ ਵਿਚ ਹੀ ਰੁੜ੍ਹੇ ਹੋਏ ਹਨ। ਉਨ੍ਹਾਂ ਦੇ ਇਸ ਰੁੜ੍ਹਾਉ ਨੂੰ ਦੇਖ ਕੇ ਸਾਨੂੰ ਬੜੀ ਹੀ ਸ਼ਰਮ ਆਉਂਦੀ ਹੈ ਕਿ ਉਨ੍ਹਾਂ ਦੀ ਸੀਰਤੀ (ਅੰਦਰਲੀ) ਕਰਤੂਤ ਨਿਰੀ ਹੀ ਇਸ਼ਕ-ਮਜਾਜ਼ੀ ਦੇ ਖਿਆਲਾਂ ਵਾਲੀ ਭਰੀ ਹੋਈ ਹੁੰਦੀ ਹੈ। ਐਸਾ ਪ੍ਰਤੀਤ ਹੁੰਦਾ ਹੈ ਕਿ ਤਿਨ੍ਹਾਂ ਨੂੰ ਸੱਚੇ ਗੁਰਮਤਿ ਪ੍ਰਮਾਰਥੀ ਇਸ਼ਕ-ਹਕੀਕੀ ਦਾ ਲੇਸ ਮਾਤਰ ਹੀ ਨਹੀਂ ਲਗਿਆ ਹੁੰਦਾ। ਅਜਿਹੇ ਅਖੌਤੀ ਪ੍ਰਮਾਰਥੀ ਆਗੂ ਨਿਰੇ ਹੀ "ਬਿਖੁ ਭੂਲੇ ਲੇਖਾਰੀ" ਹੀ ਹੁੰਦੇ ਹਨ ਅਤੇ ਨਿਰਲੱਜ ਹੋ ਕੇ ਬਿਖੈ ਰਸ ਦੇ ਨਫ਼ਸਾਨੀ ਜਜ਼ਬੇ ਵਾਲੇ ਸ਼ਿਅਰ ਲਿਖੀ ਜਾਂਦੇ ਹਨ ਅਤੇ ਇਸ ਬਿਧਿ ਲਿਖੀ ਜਾਣ ਨੂੰ ਬੜਾ ਪ੍ਰਮਾਰਥੀ ਫ਼ਖ਼ਰ ਸਮਝਦੇ ਹਨ। ਇਹ ਲੋਗ ਵਾਰਸ ਸ਼ਾਹ ਵਾਲੇ ਹੀਰ-ਰਾਂਝੇ ਦੇ ਜਜ਼ਬਾਤੀ ਇਸ਼ਕ ਵਾਲੇ ਖ਼ਿਆਲਾਤ ਲਿਖਣੋਂ ਨਹੀਂ ਸੰਕੋਚਦੇ। ਨਿਰੀ ਜ਼ਬਾਨਦਾਨੀ ਨੂੰ ਮੁਖ ਰਖਦੇ ਹੋਏ ਹਾਸ਼ਮ ਆਦਿਕ ਕਵੀਸ਼ਰਾਂ ਦੇ ਬਣਾਏ ਹੋਏ ਸੱਸੀ-ਪੁੰਨੂੰ ਦੇ ਕਿੱਸਿਆਂ ਵਿਚ ਆਏ ਘਟੀਆ ਸ਼ਿਅਰ-ਔ-ਸੁਖ਼ਨ ਲਿਖੀ ਜਾਣ ਨੂੰ ਗੁਰਬਾਨੀ ਦੀ ਤੁਲਨਾ ਦੇਣਾ ਹੀ ਮਨ ਬਚਨ ਕਰਮ ਕਰਕੇ ਸਮਝੀ ਬੈਠੇ ਹਨ। ਗੁਰੂ ਨਾਨਕ ਸਾਹਿਬ ਦੇ ਘਰ ਦੀ ਪ੍ਰਮਾਰਥੀ ਹਕੀਕਤ ਉਨ੍ਹਾਂ ਦੇ ਨੇੜੇ ਹੀ ਨਹੀਂ ਢੁਕੀ। ਸੱਚੀ ਹਕੀਕਤ ਸੱਚਾ ਹਕੀਕੀ ਇਸ਼ਕ ਕੇਵਲ ਗੁਰੂ ਨਾਨਕ ਸਾਹਿਬ ਦੀ ਇਲਾਹੀ ਰਚਨਾ ਗੁਰਬਾਣੀ ਅੰਦਰ ਹੀ ਹੈ।

ਜਿਹੜੇ ਇਸ ਸੱਚੀ ਹਕੀਕਤ ਤੋਂ ਘੁਥੇ ਹੋਏ ਹਨ, ਉਹ ਆਪਣਾ ਇਸ਼ਕ-ਮਜਾਜ਼ੀ ਕੂੜਾਵਾ ਧੰਧਾ ਹੀ ਪਿੱਟਦੇ ਹਨ। ਤਿਨ੍ਹਾਂ ਅਖੌਤੀ (So Called) ਪ੍ਰਮਾਰਥੀ ਆਗੂਆਂ ਦੇ ਅੰਦਰ ਗੁਰਮਤਿ-ਭਿੰਨੀ-



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਇਸ਼ਕ-ਹਕੀਕੀ ਵਾਲੀ ਸੱਚੀ ਗੁਲਜ਼ਾਰ ਹੀ ਨਹੀਂ ਖਿੜੀ। ਓਹ ਲੋਕ ਐਵੇਂ ਗੁਜ਼ਾਰਾ ਹੀ ਕਰਦੇ ਹਨ ਅਤੇ ਜਜ਼ਬਾਤੀ ਇਸ਼ਕ ਦੀਆਂ ਕਵਿਤਾਵਾਂ ਲਿਖ ਲਿਖ ਕੇ ਹੀ ਆਪਣੇ ਲੇਖ ਭਰਦੇ ਹਨ। ਭਰਦੇ ਉਹ ਹਨ, ਸ਼ਰਮ ਸਾਨੂੰ ਆਉਂਦੀ ਹੈ ਕਿ ਗੁਰੂ ਸਾਹਿਬ ਦੇ ਸਿੱਖ ਸਦਾੱ ਕੇ ਐਸਾ ਕਿਉਂ ਕਰਦੇ ਹਨ। ਅਜਿਹੇ ਲੇਖ, ਪੜ੍ਹਾਕੂਆਂ ਨੂੰ ਇਸ ਪਰਕਾਰ ਦੇ ਜਜ਼ਬਾਤੀ ਲੇਖ ਪੜ੍ਹ ਪੜ੍ਹ ਕੇ ਇਹੋ ਖ਼ਿਆਲ ਉਪਜਦਾ ਹੈ ਕਿ ਗੁਰਮਤਿ ਅੰਦਰ ਪ੍ਰਮਾਰਥੀ ਇਸ਼ਕ ਹਕੀਕੀ ਦੇ ਅਜਿਹੇ ਹੀ ਘਟੀਆ ਦਰਜੇ ਦੇ ਨਿਕੰਮੇ ਖ਼ਿਆਲਾਤ ਹੋਣਗੇ।

ਇਹ ਰਿਵਾਜ਼ ਆਮ ਤੌਰ ਤੇ ਅਨੇਕਾਂ ਹੀ ਗੁਰਮੁਖੀ ਅੱਖਰਾਂ ਵਿਚ ਲਿਖੇ ਹੋਏ ਰਸਾਲਿਆਂ ਅਤੇ ਹਫ਼ਤਾਵਾਰੀ, ਰੋਜ਼ਾਨਾ ਅਖ਼ਬਾਰਾਂ ਦੇ ਐਡੀਟਰਾਂ ਦਾ ਹੋ ਗਿਆ ਹੋਇਆ ਹੈ ਕਿ ਨਿਰੀ ਆਪ-ਬਣਾਈ ਹੋਈ ਕਵਿਤਾ ਨੂੰ ਗੁਰਬਾਨੀ ਦੀ ਤੁਲਨਾ ਦੇ ਕੇ ਨਿਰਾ ਹੀ ਕੁਫ਼ਰ ਕਮਾ ਰਹੇ ਹਨ। ਅਜਿਹੇ ਕਵੀਸ਼ਰ, ਜਿਨ੍ਹਾਂ ਦਾ ਇਹ ਵਤੀਰਾ ਹੋ ਗਿਆ ਹੈ ਕਿ ਗੁਰਬਾਨੀ ਜੈਸੀ ਇਲਾਹੀ ਬਾਣੀ ਨੂੰ ਭੀ ਨਿਰਾ ਕਵਿਤਾ ਦਾ ਦਰਜਾ ਹੀ ਦਿੰਦੇ ਹਨ, ਨਾ ਉਨ੍ਹਾਂ ਨੇ ਗੁਰਬਾਨੀ ਅੰਦਰ ਦਰਸਾਈ ਹੋਈ ਸੱਚੀ ਕਮਾਈ ਕੀਤੀ ਹੁੰਦੀ ਹੈ ਅਤੇ ਨਾ ਹੀ ਉਹ ਉਸ ਪੈਰਾਏ ਦੇ ਦਰਸਾਏ ਹੋਏ ਤੱਤ-ਹਕੀਕਤੀ ਗੁਰਮਤਿ ਖ਼ਿਆਲਾਂ ਤਾਈਂ ਅਪੜ ਸਕਦੇ ਹਨ। ਉਹ ਆਪਣੇ ਹੀ ਖ਼ਿਆਲਾਂ ਦੀ ਮਨੋ-ਮਨੀ ਬਣਾਈ ਗੁਰਮਤਿ ਖ਼ਿਆਲੀ ਉਤੇ ਹੀ ਧਿਙਾਣੇ ਆਫ਼ਰੇ ਫਿਰਦੇ ਹਨ ਅਤੇ ਆਨਮਤਾਂ ਦੀ ਰੀਸ ਕਰਦੇ ਹਨ। ਆਨਮਤਾਂ ਅੰਦਰ ਹਕੀਕੀ ਇਸ਼ਕ ਵਾਲਾ ਜਜ਼ਬਾ ਹੀ ਨਹੀਂ ਪਾਇਆ ਜਾਂਦਾ। ਉਹ ਘਟੀਆ ਦਰਜੇ ਦੇ ਆਪਣੇ ਨਫ਼ਸਾਨੀ ਖ਼ਿਆਲਾਤ ਦੀ ਉਪਜ ਨੂੰ ਹੀ ਹਕੀਕੀ ਇਸ਼ਕ ਦਾ ਦਰਜਾ ਦੇਈ ਫਿਰਦੇ ਹਨ। ਅਜਿਹੇ ਆਨਮਤੀ ਨਿਜ-ਘਾੜਤ-ਉਪਜ ਵਾਲੇ ਮਜ਼ਹਬਾਂ ਅੰਦਰ ਸੱਚੀ ਇਸ਼ਕ ਇਲਾਹੀ ਦਾ ਲੇਸ ਮਾਤਰ ਹੀ ਨਹੀਂ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਸ਼ਕ ਹਕੀਕੀ ਕਿਸ ਬਲੱਾ ਦਾ ਨਾਂ ਹੈ। ਸੱਚੀ ਹੱਕ-ਪ੍ਰਸਤੀ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰੋਂ ਆਈ ਇਲਾਹੀ ਬਾਨੀ ਵਿਚ ਦਰਸਾਈ ਹੈ। ਗੁਰਮਤਿ ਰੂਪੀ ਸੱਚਾ ਪ੍ਰਮਾਰਥ ਹੀ ਹਕੀਕੀ ਇਸ਼ਕ ਵਾਲਾ ਸੱਚਾ ਜਜ਼ਬਾ ਦਰਸਾਉਂਦਾ ਹੈ। ਜੋ ਕਚ-ਘਰੜ ਖ਼ਿਆਲਾਂ ਵਾਲੇ ਅਸਾਡੇ ਸਿੱਖ ਸਦਾਉਣ ਵਾਲੇ "ਬਿਖੁ ਭੂਲੇ ਲੇਖਾਰੀ" ਹਨ, ਉਨ੍ਹਾਂ ਨੂੰ ਭੀ ਸੱਚਾ ਈਮਾਨ ਗੁਰਬਾਨੀ ਦੇ ਸੱਚੇ ਰੁਅਜਾਨ (ਆਸ਼ੇ) ਉਪਰ ਨਹੀਂ ਆਇਆ। ਤਾਂਤੇ ਉਹ ਅਨਮਤੀਆਂ ਦੀ ਰੀਸੇ ਹੀ ਆਪਨਾ ਡੰਗ ਟਪਾਉਂਦੇ ਹਨ। ਗੁਰਬਾਨੀ ਅੰਦਰ ਦਰਸਾਈ ਸੱਚੀ ਫ਼ਜ਼ੀਲਤ (ਵਡਿਆਈ) ਨੂੰ ਨਹੀਂ ਜਾਂਚ ਸਕਦੇ। ਇਹ ਜਾਂਚ ਉਪਜਦੀ ਤਦ ਹੈ ਜੇ ਗੁਰਬਾਨੀ ਅੰਦਰ ਦਰਸਾਏ ਤੱਤ ਗੁਰਮਤਿ ਆਸ਼ੇ ਦੀ ਕਮਾਈ ਕੀਤੀ ਜਾਵੇ। ਅਸੀਂ ਸਾਫ਼ ਕਹਿਣ ਨੂੰ ਤਿਆਰ ਹਾਂ ਕਿ ਜਿਨ੍ਹਾਂ ਅਖੌਤੀ (So Called) ਸਿੱਖ ਸਦਾਉਣ ਵਾਲੇ ਆਗੂਆਂ ਨੇ ਇਹ ਤੱਤ ਗੁਰਮਤਿ ਕਮਾਈ ਨਹੀਂ ਕੀਤੀ ਹੁੰਦੀ ਉਹ ਕੱਚ-ਘਰੜ ਅਨਮਤੀਏ ਹੀ ਹਨ। ਤਿਨ੍ਹਾਂ ਨੂੰ ਸੱਚੀ ਗੁਰਮਤਿ ਦਾ ਮੁਸ਼ਕ ਮਾਤਰ ਭੀ ਨਹੀਂ ਆਇਆ। ਜੇ ਆਇਆ ਹੋਵੇ ਤਾਂ ਉਹ "ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ॥... ੪॥੭॥" (ਮਾਝ ਮ: ੪, ਪੰਨਾ: ੯੬) ਵਾਲੇ ਅੰਤ੍ਰੀਵੀ ਗੁਰਮਤਿ ਭਾਵ ਉਪਰ ਈਮਾਨ ਲਿਆਉਣ, ਅਤੇ ਲੋਕਾਂ ਨੂੰ ਆਪਣੇ ਮਨ-ਘਰੜ ਸੋਹਲੇ ਬਣਾ ਕੇ ਭਰਮ ਵਿਚ ਨਾ ਭੁਲਾਉਣ।

ਵਾਹਿਗੁਰੂ ਸੱਚੇ ਦੇ ਦਰ ਘਰ ਦੀ ਖ਼ਬਰ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਹੋਈ ਹੈ ਅਤੇ ਸੱਚੇ ਵਾਹਿਗੁਰੂ ਦੇ ਦਰ ਘਰ ਦੀ ਗੁਰਬਾਨੀ ਦੁਆਰਾ ਹੀ ਧੁਰੋਂ, ਹਕੀਕੀ ਦਰਬਾਰੋਂ ਸੱਚੇ ਇਸ਼ਕ ਹਕੀਕੀ ਦੀ ਸੱਚੀ ਸੂਝ ਬੂਝ ਲਿਆਏ ਹਨ। ਇਹ ਨਿਜ-ਉਚਾਰੀ ਗੁਰਬਾਨੀ ਦੁਆਰਾ ਹੀ ਲਿਆਏ ਹਨ। ਇਸ ਸੱਚੀ ਸੂਝ ਬੂਝ ਦੇ ਲਿਆਉਣਹਾਰਾ ਨਾ ਕੋਈ ਹੋਇਆ ਹੈ ਨਾ ਕੋਈ ਹੋਵੇਗਾ। ਇਹ ਤਾਂ ਗੁਣ ਹਨ ਗੁਰਬਾਨੀ ਵਿਖੇ। ਜਿਨ੍ਹਾਂ ਨੂੰ ਵਾਹਿਗੁਰੂ ਦੇ ਸੱਚੇ ਦਰ ਘਰ ਦੀ ਖ਼ਬਰ ਅਤੇ ਸਾਰ ਹੀ ਨਹੀਂ ਉਨ੍ਹਾਂ ਨੂੰ ਇਸ਼ਕ

ਹਕੀਕੀ ਦੀ ਕੀ ਸਾਰ ਹੋ ਸਕਦੀ ਹੈ ?

ਜਿਤਨੀ ਵੀ ਕੱਚੀ ਬਾਣੀ ਹੈ, ਉਹ ਸਭ ਇਸ਼ਕ ਮਜਾਜ਼ੀ ਦੇ ਨਫ਼ਸਾਨੀ ਜਜ਼ਬੇ ਵਾਲੇ ਸ਼ਿਅਰ-ਔ-ਸੁਖ਼ਨ ਵਿਚ ਬਨਾਵਟੀ ਸ਼ਾਇਰਾਂ ਨੇ ਬਣਾਈ ਹੈ। ਇਸ ਕੱਚੀ ਕੁਬਾਨੀ ਨੂੰ ਇਹ ਇਸ਼ਕ-ਜਜ਼ਬੇ ਵਾਲੇ ਜਜ਼ਬਾਤੀ ਪੁਰਸ਼ ਇਸ਼ਕ ਹਕੀਕੀ ਵਾਲੀ ਸੱਚੀ ਇਲਾਹੀ ਬਾਣੀ ਦਾ ਦਰਜਾ ਦਿੰਦੇ ਹਨ ਅਤੇ ਇਸ ਕੱਚੀ ਬਾਣੀ ਨੂੰ ਤੁਲਤਾ ਦੇਂਦੇ ਹਨ ਸੱਚੀ ਹਕੀਕੀ ਇਸ਼ਕ ਵਾਲੀ ਬਾਣੀ ਦੀ। ਇਸ਼ਕ ਹਕੀਕੀ ਵਾਲੀ ਬਾਣੀ ਸੱਚੀ ਹਕੀਕਤ ਹੱਕ ਰੱਬਾਨੀ ਦੀ ਮਹਿਵੀਅਤ (ਰੰਗ-ਲੀਨਤਾ) ਵਿਚ ਮਹਿਵ (ਲੀਨ) ਹੋਏ ਸੱਚੇ ਗੁਰੂ ਨਾਨਕ ਦਸੇ ਜਾਮਿਆਂ ਬਾਝੋਂ ਹੋਰ ਕੋਈ ਨਹੀਂ ਲਿਖ ਸਕਦਾ, ਜੈਸਾ ਕਿ ਪਹਿਲਾਂ ਭੀ ਪਰਗਟ ਕੀਤਾ ਜਾ ਚੁਕਾ ਹੈ। ਬੜੇ ਅਫ਼ਸੋਸ ਵਾਲੀ ਗੱਲ ਤਾਂ ਇਹ ਹੈ ਕਿ ਇਸ ਹਕੀਕਤ ਤੋਂ, ਗੁਰੂ ਨਾਨਕ ਦੀ ਪ੍ਰਗਟਾਈ ਹੋਈ ਸੱਚੀ ਇਲਾਹੀ ਬਾਣੀ ਤੋਂ ਘੁੱਥੇ ਹੋਏ ਅਖੌਤੀ (So Called) ਨਿਰੀ ਖ਼ੁਦਸਾਖ਼ਤ ਸ਼ਹਿਵਤੀ (ਨਿਜ-ਘੜੀ ਕਾਮ-ਉਪਜਾਊ) ਕੁਬਾਣੀ ਨੂੰ, ਆਪੋਂ ਬਣਾਏ ਹੋਏ ਸ਼ਿਅਰ-ਔ-ਸੁਖ਼ਨ ਨੂੰ, ਗੁਰਬਾਣੀ, ਸੱਚੀ ਬਾਣੀ ਦਾ ਦਰਜਾ ਦੇਈ ਬੈਠੇ ਹਨ। ਇਹ ਸੁਣ ਕੇ ਬੜਾ ਹੀ ਸ਼ਰਮਸਾਰ ਹੋਣਾ ਪੈਂਦਾ ਹੈ ਕਿ ਅਸਾਡੇ ਇਸ਼ਕ ਮਜਾਜ਼ੀ ਦੇ ਨਫ਼ਸਾਨੀ ਰੰਗ ਦੇ ਕੁਰੰਗੇ ਹੋਏ, ਨਿਰੀਆਂ ਰੰਗ-ਰਲੀਆਂ ਮਾਨਣ ਵਾਲੇ ਸ਼ਹਿਵਤੀ (ਕਾਮੀ) ਪੁਰਸ਼, ਸਿਨਮਿਆਂ ਵਿਚ ਆਈਆਂ ਅਤੇ ਨਿਰੇ ਜਜ਼ਬਾਤੀ ਇਸ਼ਕ ਵਿਚ ਪ੍ਰਗਟਾਈਆਂ, ਕੁਬਾਣੀਆਂ ਨੂੰ ਨਿਰੇ ਫੋਕੇ ਜ਼ਬਾਨਦਾਨੀ ਦੇ ਭਰਮਾਂ ਵਿਚ ਭੁਲੇ ਹੋਏ ਇਸ਼ਕ ਮਜਾਜ਼ੀ ਦੇ ਵਿਚ ਨਫ਼ਸੁੱਟੇ ਹੋਏ (ਇੰਦਰਿਆਂ ਦੇ ਰਸਾਂ ਵਿਚ ਗ੍ਰਸੇ ਹੋਏ) ਪੁਰਸ਼ ਆਪਣੀ ਕੁਰਚਨਾ ਵਿਚ ਏਸੇ ਸਿਨਮਿਆਂ ਵਾਲੀ ਕੁ-ਰਚਨਾ ਤੇ ਗੁਰਬਾਣੀ ਵਿਚ ਮਿਲਾ ਕੇ ਨਿਰੀ ਨਫ਼ਸਾਨੀਅਤ ਨੂੰ ਉਭਾਰਦੇ ਹਨ। ਬਹੁਤ ਸਾਰੇ ਅਖੌਤੀ (So Called) ਸਿੱਖ-ਆਗੂ ਨਿਧੜਕ ਹੋ ਕੇ ਸਿਨਮਾਵੀ ਫ਼ਿਲਮਾਵਾਂ ਨੂੰ ਗੁਰਮਤਿ ਦੇ ਗੂੜ੍ਹ-ਰੰਗੇ ਹਕੀਕੀ ਘਟਨਾਵਾਂ ਵਾਲੇ ਜੀਵਨਾਂ ਪ੍ਰਥਾਇ ਵਰਤਣੋਂ ਭੀ ਨਹੀਂ ਸ਼ਰਮਾਂਦੇ ਤੇ ਖੁੱਲ-ਮ-ਖੁੱਲ੍ਹਾ ਗੁਰਮਤਿ ਜੀਵਨਾਂ ਵਾਲੇ ਸ੍ਰੇਸ਼ਟ ਗੁਰਮੁਖ ਜਨਾਂ ਦੀਆਂ ਫ਼ਿਲਮਾਂ ਉਤਾਰਨ ਤੋਂ ਭੀ ਨਹੀਂ ਸੰਕੋਚਦੇ। ਇਹ ਨਿਰੀ ਮਨਮਤਿ ਹੈ, ਜਿਸ ਨੂੰ ਕਿ ਬੜੇ ਫ਼ਖ਼ਰ ਨਾਲ ਪ੍ਰਚਾਰਦੇ ਹਨ। ਫ਼ਿਲਮੀ ਸਿਨਮੇ ਦੀਆਂ ਤਸਵੀਰਾਂ ਦੇਣੀਆਂ ਨਿਰੀ ਮਨ-ਮਤੀਆਂ ਦੀ ਰੀਸ ਹੈ, ਜਿਹੜੇ ਸਰਾਸਰ ਜਜ਼ਬਾਤੀ ਇਸ਼ਕ ਮਜਾਜ਼ੀ ਦੇ ਨਫ਼ਸ-ਪ੍ਰਸਤ ਖੋਟੇ ਰੰਗਾਂ ਵਿਚ ਹੀ ਲੱਥ ਪੱਥ ਹੋਏ ਪਏ ਹਨ। ਇਹ ਗੁਰਮਤਿ ਦਾ ਨਿੱਗਰ ਪ੍ਰਚਾਰ ਨਹੀਂ, ਉਲਟਾ ਪ੍ਰਹਾਰ ਹੈ। ਇਸ਼ਕ ਹਕੀਕੀ ਦੇ ਸੱਚੜੇ ਸੋਹਿਲੇ ਗਾਵਣਹਾਰੇ ਗੁਰਮੁਖਿ ਜਨ ਕਦੇ ਭੀ ਇਨ੍ਹਾਂ ਕੁਬਹਿਤਾਂ (ਕੁਰੀਤਾਂ) ਵਿਚ ਨਹੀਂ ਪੈ ਸਕਦੇ। ਆਨ-ਮੱਤੀਆਂ ਦੀ ਰੀਸੋ-ਰੀਸੀ ਉਨ੍ਹਾਂ ਨੂੰ ਹੋਰ ਕੁਝ ਸੁਝਦਾ ਹੀ ਨਹੀਂ। ਕੱਚ-ਘਰੜ ਜਜ਼ਬਿਆਂ ਵਾਲੇ, ਇਸ਼ਕ ਮਜਾਜ਼ੀ ਵਾਲੇ, ਮਨ-ਮੰਨੇ ਸ਼ਿਅਰ-ਔ-ਸੁਖ਼ਨ ਬਣਾਉਣ ਵਾਲੇ ਘਟੀਆ ਦਰਜੇ ਦੇ ਆਨ-ਮਤਿ ਗ੍ਰਸੇ ਖੋਟੇ ਪੁਰਸ਼ਾਂ ਨੂੰ ਹੀ ਇਹ ਖੋਟ ਭਰੀ ਕੁਬਹਿਤ ਪਈ ਹੋਈ ਹੈ। ਐਸਾ ਜਾਪਦਾ ਹੈ ਕਿ ਉਨ੍ਹਾਂ ਦੇ ਪੱਲੇ ਹੋਰ ਕੁਛ ਹੈ ਹੀ ਨਹੀਂ। ਤਾਂਤੇ ਉਹ ਆਨਮੱਤੀ ਜਜ਼ਬੇ ਵਾਲੇ ਪੁਰਸ਼ ਖੋਟੇ ਕੁਢੰਗਾਂ ਦੇ ਇਸ਼ਕ ਮਜਾਜ਼ੀ ਵਾਲੇ ਜਜ਼ਬੇ ਪ੍ਰਗਟਾਉਣ ਜਣਾਉਣ ਨੂੰ ਹੀ ਆਪਣੇ ਮਨ ਦੀ ਮਤਿ ਦੁਆਰਾ ਇਸ਼ਕ ਹਕੀਕੀ ਦਾ ਜਜ਼ਬਾ ਸਮਝੀ ਬੈਠੇ ਹਨ, ਜੋ ਨਿਰੀ ਭਿਆਨਕ ਭੁੱਲ ਹੈ। ਗੁਰਮਤਿ ਤੋਂ ਭੁੱਲੇ ਭਟਕੇ ਪੁਰਸ਼ ਤਾਂ ਇਨ੍ਹਾਂ ਭੁੱਲਾਂ ਵਿਚ ਪੈ ਜਾਣ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ, ਪ੍ਰੰਤੂ ਗੁਰਮਤਿ-ਭਿੰਨੇ ਸੱਚੀ ਇਸ਼ਕ ਹਕੀਕੀ ਤੋਂ ਜਾਣੂੰ ਗੁਰਮੁਖਿ ਜਨ ਕਦੇ ਭੀ ਇਨ੍ਹਾਂ ਭੁੱਲਾਂ ਵਿਚ ਨਹੀਂ ਪੈ ਸਕਦੇ। ਅਸਲ ਗੱਲ ਇਹ ਹੈ ਕਿ ਗੁਰਮਤਿ, ਸੱਚੀ ਗੁਰਮਤਿ ਤੋਂ ਰਹਿ ਖੜੋਤੇ ਹੋਏ ਅੰਞਾਣ ਪੁਰਸ਼ ਸ੍ਰਵਣਾਂ ਕਰਕੇ ਭੀ ਤੇ ਰਸਨਾ ਕਰਕੇ ਭੀ ਰਚੀਆਂ ਕੁਬਾਣੀਆਂ ਤੇ ਰਸਾਂ ਕਸਾਂ ਵਿਚ ਉਲਝੇ ਹੋਏ ਹਨ। ਗੁਰਬਾਣੀ ਦੇ ਇਸ ਗੁਰਵਾਕ ਅਨੁਸਾਰ:

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ ਰਹਾਉ ॥...॥੪॥੧॥੮੧॥**
**(ਬਿਲਾਵਲੁ ਮ: ੫, ਪੰਨਾ: ੮੨੦)**

ਇਸ ਗੁਰਵਾਕ ਅਨੁਸਾਰ ਆਪਣਾ ਜੀਵਨ ਢਾਲਣਹਾਰੇ ਪ੍ਰੇਮੀ ਜਨ ਕਦੇ ਭੀ ਕੱਚੀਆਂ-ਪਿਚੀਆਂ ਕੱਚੀਆਂ ਧੁਨੀਆਂ ਵਾਲੇ ਗੀਤਾਂ ਦੇ ਕਹਿਣ ਸੁਣਨ ਵਿਚ ਪ੍ਰਵਿਰਤ ਨਹੀਂ ਹੋ ਸਕਦੇ। ਸੱਚੇ ਇਸ਼ਕ ਹਕੀਕੀ ਤੋਂ ਘੁਥੇ ਹੋਏ ਨਿਰੇ ਇਸ਼ਕ ਮਜਾਜ਼ੀ ਦੇ ਪੁਤਲੇ ਨਿਸ਼ੰਗ ਹੋ ਕੇ ਸਾਰੀ ਸਾਰੀ ਰਾਤ ਧੁਤਕੜੇ ਪਾਉਂਦੇ ਹਨ, ਇਸ਼ਕ ਮਜਾਜ਼ੀ ਵਾਲੇ ਭੰਗੜੇ ਪਾਉਣ ਨੂੰ ਹੀ ਸੱਚੀ ਭਗਤੀ ਸਮਝੀ ਬੈਠੇ ਹਨ। ਸਾਰੀ ਸਾਰੀ ਰਾਤ ਇਨ੍ਹਾਂ ਕੁਤਗੜਾਂ ਪਾਉਣ ਵਾਲੇ ਬੋਲ ਕੁਬੋਲੀ ਕੱਚੀਆਂ ਬਾਣੀਆਂ ਦੇ ਸੁਣਨ ਦਾ ਜਿਨ੍ਹਾਂ ਨੂੰ ਕੁਚਸਕਾ ਪਿਆ ਹੋਇਆ ਹੈ, ਉਹ ਇਨ੍ਹਾਂ ਭੰਗੜਾ ਪਾਉਣ ਵਾਲੇ ਕੁਭੰਗੜੀਆਂ ਨੂੰ ਹਟਾਉਂਦੇ ਹੋੜਦੇ ਹੀ ਨਹੀਂ। ਸਮਝ ਲਵੋ ਕਿ ਉਹ ਗੁਰਮਤਿ-ਰੰਗਾਂ ਵਾਲੀ ਸੱਚੀ ਹਕੀਕਤ (ਇਸ਼ਕ ਹਕੀਕੀ) ਤੋਂ ਬੜੇ ਹੀ ਪਰੇਡੇ ਗਏ ਹੋਏ ਹਨ। ਆਮ ਤੌਰ ਤੇ ਸ਼ਹਿਰਾਂ ਵਿਚ ਦੇਖੀਦਾ ਹੈ ਅਤੇ ਪਿੰਡਾਂ ਵਿਚ ਵੀ ਇਹ ਕੁਵਾਦੀ ਵਗ ਗਈ ਹੋਈ ਹੈ ਕਿ ਗ੍ਰਾਮੋਫ਼ੋਨ ਦੇ ਗੰਦੇ ਰੀਕਾਰਡ ਲਾਉਣ ਅਤੇ ਸੁਣਨ ਨੂੰ ਇਸ਼ਕ ਹਕੀਕੀ ਤੋਂ ਘੁਥੇ ਹੋਏ ਲੋਗ ਨਿਰਾ ਸਵਾਬ ਸਮਝੀ ਬੈਠੇ ਹਨ। ਹਾਲਾਂਕਿ ਨਿਰਾ ਹੀ ਕੁਸੰਗ ਇਨ੍ਹਾਂ ਵਿਚ ਭਰਿਆ ਪਿਆ ਹੁੰਦਾ ਹੈ। ਇਹ ਸੁਣ ਸੁਣ ਕੇ ਆਮ ਇਖ਼ਲਾਕੀ ਸਭਯ-ਲੋਕਾਈ ਵੀ ਬੜੀ ਸ਼ਰਮਿੰਦਾ ਹੁੰਦੀ ਹੈ। ਲੋਕਾਚਾਰੀ ਰੌਣਕਾਂ ਵਧਾਉਣ ਦੇ ਗੁਰਮਤਿ ਪ੍ਰਚਾਰ ਦੇ ਅਖੌਤੀ ਲੋਗ ਨਿਸੰਗ ਹੋ ਕੇ ਇਹ ਕੁਢੰਗ ਖੁਲ੍ਹ-ਮ-ਖੁਲ੍ਹਾ ਵਰਤਦੇ ਹਨ, ਜੋ ਜ਼ਾਹਿਰ ਕਰਦਾ ਹੈ ਕਿ ਇਨ੍ਹਾਂ ਦੇ ਅੰਦਰਿ ਸੱਚੀ ਗੁਰਮਤਿ ਦੇ ਜਜ਼ਬੇ ਵਾਲੀ, ਇਸ਼ਕ ਹਕੀਕੀ ਵਾਲੀ, ਮੁਸ਼ਕ ਮਾਤਰ ਖ਼ੁਸ਼ਬੂ ਵੀ ਨਹੀਂ। ਜੇ ਹੋਵੇ ਤਾਂ ਇਹਨਾਂ ਕੁਰੰਗ ਵਾਲੇ ਰੰਗ-ਤਮਾਸ਼ਿਆਂ ਵਿਚ ਕੁ-ਰਚਣ ਨੂੰ ਕਿਉਂ ਫ਼ਖ਼ਰ ਸਮਝਿਆ ਜਾਵੇ।

ਗੁਰੂ ਨਾਨਕ ਸਾਹਿਬ ਦੀ ਦਰਸਾਈ ਹੋਈ ਇਸ਼ਕ ਇਲਾਹੀ ਦੇ ਜਜ਼ਬੇ ਵਾਲੀ ਸੱਚੜੀ ਗੁਰਮਤਿ ਵਿਚ ਪੈਣਾ ਆਮ ਲੋਕਾਚਾਰੀ ਲੋਗਾਂ ਲਈ ਬੜਾ ਹੀ ਕਠਨ ਹੈ। ਤਾਂਤੇ ਉਹ ਭਰਮ-ਭੂਲੇ ਹੋਏ ਲੋਗ ਇਨ੍ਹਾਂ ਕੁਸੰਗ ਭਰੇ ਗਰਾਮੋਫ਼ੋਨ ਅਤੇ ਸਿਨਮਾਲੋਨੀ ਕੁਸੰਗਾਂ ਵਿਚ ਹੀ ਟੱਕਰਾਂ ਮਾਰਦੇ ਫਿਰਦੇ ਹਨ। ਗੁਰੂ ਨਾਨਕ ਸਾਹਿਬ ਜੀ ਦੀ ਦਰਸਾਈ ਹੋਈ ਸੱਚੜੀ ਇਸ਼ਕ ਹਕੀਕੀ ਵਾਲੀ ਮੰਜ਼ਲ ਦੇ ਸੱਚੜੇ ਪਾਂਧੀ ਕਦੇ ਭੀ ਇਨ੍ਹਾਂ ਇੱਲਤਾਂ ਵਿਚ ਪੈ ਨਹੀਂ ਸਕਦੇ। ਅਸਾਡੇ ਪ੍ਰਚਾਰਕਾਂ ਉਤੇ ਇਨ੍ਹਾਂ ਖੋਟੜੀਆਂ ਕੁਬਹਿਤਾਂ ਦਾ ਬੜਾ ਬੁਰਾ ਅਸਰ ਪਿਆ ਹੋਇਆ ਹੈ। ਇਸ ਅਨਮਤਿ ਭਰੇ ਕੱਚੜੇ ਪਰਚਾਰ ਨੂੰ ਆਨਮੱਤਾਂ ਦੀ ਕੁਰੀਸੀਂ ਅਤੇ ਕੁਰੀਤੀਂ, ਦੇਖਾ-ਦੇਖੀ ਦੇ ਪ੍ਰਚਾਰਕ ਏਸੇ ਕੁਬਹਿਣ ਵਿਚ ਪੈਣ ਨੂੰ ਅਤੇ ਇਸ ਖੋਟੇ ਪ੍ਰਚਾਰ ਨੂੰ ਪ੍ਰਚਾਰਨ ਲਈ ਡੀਂਗ-ਮਾਰੂ ਹੋ ਕੇ ਪ੍ਰਚਾਰਦੇ ਹਨ ਅਤੇ ਨਿਰੇ ਹੀ ਏਸੇ ਕਪੋਲ ਕਿਰਿਆ ਵਾਲੇ ਇਸ਼ਕ ਮਜਾਜ਼ੀ ਦੇ ਜਜ਼ਬੇ ਵਿਚ ਰੁੜ੍ਹੇ ਹੀ ਚਲੇ ਜਾਂਦੇ ਹਨ, ਰੋਕੇ ਹੋਏ ਰੁਕਦੇ ਨਹੀਂ। ਸੱਚ ਪੁਛੋ ਤਾਂ ਉਨ੍ਹਾਂ ਦੇ ਪੱਲੇ ਹੀ ਕੁਛ ਨਹੀਂ।

ਅਸਾਡਾ ਦਸਣ ਦਾ ਇਹੋ ਵਿਪਰਾ ਹੈ ਕਿ ਆਨਮੱਤੀਆਂ ਦੀ ਰੀਸੇ ਕੁਰੀਸੇ ਗੁਰਮਤਿ ਦੇ ਸੱਚੇ ਰੰਗਾਂ ਵਿਚ ਰੰਗੀਜੇ ਜਾਣ ਵਾਲੇ ਹਕੀਕੀ ਸਿੱਖ ਭੀ ਅਨਮਤਿ ਦੇ ਵਹਿਣਾਂ ਵਿਚ ਪੈਣ ਬਾਰੇ ਪ੍ਰਚਾਰ ਤੋਂ ਨਹੀਂ ਟਲਦੇ। ਉਪਰੋਕਤ ਗੁਰਵਾਕ ਅਨੁਸਾਰ ਸੱਚੜੇ ਇਸ਼ਕ ਹਕੀਕੀ ਵਾਲੇ ਸੱਚੜੇ ਜਜ਼ਬੇ ਦੂਜੇ ਭਾਵ ਦੇ ਕੱਚੜੇ ਕੁਵਹਿਣਾਂ ਵਿਚ ਕਦੇ ਨਹੀਂ ਪੈਂਦੇ ਤੇ ਇਸ਼ਕ ਮਜਾਜ਼ੀ ਵਾਲੀਆਂ ਗੱਲਾਂ ਟਾਹਰਾਂ ਸਮਝਦੇ ਹਨ। ਜਿਨ੍ਹਾਂ (So Called) ਅਖੌਤੀ ਆਗੂਆਂ ਨੇ ਸੱਚੜੀ ਇਸ਼ਕ ਹਕੀਕੀ ਵਾਲੀ ਗੁਰਮਤਿ ਹਕੀਕਤ ਨੂੰ ਟਿੱਚ ਸਮਝਿਆ ਹੋਇਆ ਹੈ, ਉਹ ਆਪਣੀ ਮਨਮਤਿ ਭਰੀ ਕੁਰੰਗ ਕੁਰੀਤੀ ਨੂੰ ਪ੍ਰਚਾਰਨੋਂ ਕਦੇ ਨਹੀਂ ਸੰਕੋਚਦੇ; ਬਲਕਿ ਮਨ-ਮੰਨੇ ਆਨਮਤੀ ਕੁਰੰਗਾਂ ਵਾਲੇ ਇਸ਼ਕ ਮਜਾਜ਼ੀ ਨੂੰ ਹੀ ਇਸ਼ਕ ਹਕੀਕੀ ਵਾਲਾ ਸੱਚਾ ਗੁਰਮਤਿ-ਮਾਰਗ ਥਾਪੀ ਬੈਠੇ ਹਨ।

ਗੁਰਮਤਿ ਅਨੁਸਾਰ ਸੱਚੀ ਹੱਕ-ਪ੍ਰਸਤੀ, ਵਾਹਿਗੁਰੂ ਪਰਵਦਗਾਰ ਦੀ ਸੱਚੀ ਪੂਜਾ-ਪ੍ਰਤਿਸ਼ਟਾ ਵਾਲਾ ਪ੍ਰੇਮ ਭਰਿਆ ਜਜ਼ਬਾ ਹੀ ਅਸਲ ਇਸ਼ਕ ਹਕੀਕੀ ਦੀ ਨਿਸ਼ਾਨੀ ਹੈ। ਇਹ ਪ੍ਰੇਮ-ਪੂਜਾ ਗੁਰੂ

ਨਾਨਕ ਸਾਹਿਬ ਜੀ ਨੂੰ ਵਾਹਿਗੁਰੂ ਜੀ ਦਾ ਪਰਤੱਖ ਦਰਸ਼ਨ ਕਰ ਕੇ ਪ੍ਰਾਪਤ ਹੋਈ ਅਤੇ ਗੁਰੂ ਨਾਨਕ ਸਾਹਿਬ ਜੀ ਨੇ ਨਦਰ ਮੇਹਰ ਕਰ ਕੇ, ਇਸ ਪੂਜਾ-ਪ੍ਰੇਮ ਦੇ ਜਜ਼ਬੇ ਨੂੰ ਗੁਰਸਿਖਾਂ ਪ੍ਰਤੀ ਇਸ਼ਕ ਇਲਾਹੀ ਦੇ ਸੱਚੜੇ ਨਾਮ ਦੇ ਛੱਟੇ ਦੇ ਕੇ ਪ੍ਰਵਿਰਤ ਕੀਤਾ।

ਨਾਮ ਦਵਾਰਾ ਹੀ ਵਾਹਿਗੁਰੂ ਦੀ ਪ੍ਰੇਮਾ ਭਗਤੀ ਪ੍ਰਗਟਾਈ। ਇਸ ਨਾਮ ਦੀ ਸੱਚੀ ਬਖ਼ਸ਼ਿਸ਼ ਹੀ ਸੱਚੀ ਹੱਕ-ਪ੍ਰਸਤੀ ਵਾਲਾ ਸੱਚੜਾ ਇਸ਼ਕ ਹਕੀਕੀ ਦਾ ਜਜ਼ਬਾ ਦ੍ਰਿੜ੍ਹਾਉਂਦੀ ਹੈ। ਸੱਚੜੇ ਨਾਮ ਦੀ ਪ੍ਰੇਮ-ਪੂਜਾ, ਅਭਿਆਸ ਦਾ ਖੰਡਾ ਖੜਕਾਉਣਾ ਹੀ ਸੱਚੀ ਇਸ਼ਕ ਇਲਾਹੀ ਦੀ ਧੁਨੀ ਨੂੰ ਅੰਤਰ-ਆਤਮੇ ਜਗਾਉਣਾ ਹੈ। ਵਾਹਿਗੁਰੂ ਅਕਾਲ ਪੁਰਖ ਨੇ ਆਪਣੇ ਵਜੂਦ ਦੀ ਉਤਪਤੀ ਦੇ ਨਾਲੋ ਨਾਲ ਹੀ ਇਸ ਨਾਮ ਰੂਪੀ ਖੰਡੇ ਦੇ ਉਪਜਾਉਣ ਦੀ ਨਦਰ ਮੇਹਰ ਕੀਤੀ। ਯਥਾ:

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥...॥੧॥ (ਆਸਾ ਦੀ ਵਾਰ, ਪਉੜੀ, ਪੰਨਾ: ੪੬੩)**

ਇਹ ਅਖੰਡਾਕਾਰ ਨਾਮ ਹੀ ਵਾਹਿਗੁਰੂ ਅਕਾਲ ਪੁਰਖ ਦਾ ਨਿਜ ਸਰੂਪ ਹੈ। ਇਸ ਤੋਂ ਬਿਨਾਂ ਹੋਰ ਸਭ ਦੁਯੀ ਕੁਦਰਤ ਹੈ, ਜਿਸ ਦੀ ਉਤਪਤੀ ਨਾਮ ਦੇ ਆਸਰੇ ਹੋਈ ਅਤੇ ਸਦਾ ਨਾਮ ਦੇ ਆਸਰੇ ਹੀ ਰਹਿੰਦੀ ਹੈ। ਦੁਯੀ ਕੁਦਰਤ ਦੀ ਉਪਾਸ਼ਨਾ ਵਿਚ ਪੈਣਾ ਪੈਣ ਵਾਲਿਆਂ ਨੂੰ (Naturalist) ਬਣਾਉਂਦਾ ਹੈ। ਗੁਰੂ ਨਾਨਕ ਜੀ ਦੇ ਦਰਸਾਏ ਨਾਮ ਦੀ ਪ੍ਰੇਮ-ਪੂਜਾ ਬਾਝੋਂ ਸਾਰਾ ਸੰਸਾਰ ਇਸ ਦੂਜੇ ਭਾਵ ਦੀ ਕੁਦਰਤ-ਮਈ ਉਪਾਸ਼ਨਾ ਭਰੀ ਬੁੱਤ-ਪ੍ਰਸਤੀ ਹੀ ਕਰਦਾ ਹੈ। ਦ੍ਰਿਸ਼ਟਮਾਨ ਕੁਦਰਤ ਦੀ ਉਪਾਸ਼ਨਾ ਉਪਾਸ਼ਕਾਂ ਨੂੰ ਬੜੀ ਹੀ ਸੁਖਾਲੀ ਪ੍ਰਤੀਤ ਹੁੰਦੀ ਹੈ, ਪ੍ਰੰਤੂ ਇਹ ਇਸ਼ਕ ਹਕੀਕੀ ਵਾਲੇ ਗੁਰਮਤਿ ਤੱਤ ਜਜ਼ਬੇ ਤੋਂ ਦੁਰੇਡੇ ਲੈ ਜਾਂਦੀ ਹੈ। ਆਨਮਤੀ ਸੂਫ਼ੀਆਂ ਦਾ ਜਿਤਨਾ ਵੀ ਤਸੱਵਫ਼ (ਪ੍ਰਮਾਰਥ) ਹੈ, ਸਭ ਏਸੇ ਹੀ ਬੁੱਤ-ਪ੍ਰਸਤੀ ਵਾਲੇ ਵਹਿਣਾਂ ਵਿਚ ਰੁੜ੍ਹਿਆ ਹੋਇਆ ਹੈ। ਸੂਫੀ ਜਨ ਵੇਦਾਂਤੀਆਂ ਦੀ ਨਿਆਈਂ "ਹਮਾ ਓਸਤ" ਜਾਂ "ਓ ਹਮਾ ਅਸਤ" ਵਾਲੇ ਖ਼ਿਆਲਾਂ ਦੀ ਨਿਜ-ਘੜਤ ਪੁਸ਼ਟੀ ਹੈ। ਅਨੇਕਾਂ ਵੇਦਾਂਤ ਅਤੇ ਸੂਫ਼ੀ ਜਨ ਨਿਜ ਖ਼ਿਆਲੀ ਵਹਿਣ ਵਿਚ ਪੈ ਕੇ ਆਪਣੇ ਆਪ ਨੂੰ ਰੱਬ ਗਰਦਾਨੀ ਫਿਰਦੇ ਹਨ। ਤਾਂਤੇ ਸੂਫ਼ੀਆਂ ਦੀ ਹਕੀਕਤ-ਪ੍ਰਸਤੀ ਨਿਰਾ ਢੌਂਗ ਹੀ ਹੈ। ਸੂਫ਼ੀਆਂ ਦੇ ਮਸਲੇ ਅਨੁਸਾਰ ਨਿਜ-ਘੜੀ ਪ੍ਰਮਾਰਥ ਦੇ ਦਰਜੇ ਭੀ ਤਰੀਕਤ, ਹਕੀਕਤ ਅਤੇ ਮਾਰਫ਼ਤ ਬਣਾਏ ਹੋਏ ਹਨ। ਜਿਸ ਪਰਕਾਰ ਸੂਫ਼ੀਆਂ ਦੀ ਹਕੀਕਤ ਨਿਰਾ ਹੇਠਲਾ ਦਰਜਾ ਹੀ ਹੈ, ਏਸੇ ਪਰਕਾਰ ਸੂਫ਼ੀਆਂ ਦੀ ਮਾਰਫ਼ਤ ਭੀ ਨਿਰੀ ਕਪੋਲ ਕਿਰਿਆ ਹੀ ਹੈ।

ਤਾਂਤੇ ਸੱਚੀ ਹਕੀਕਤ ਅਤੇ ਇਸ਼ਕ ਹਕੀਕੀ ਵਾਲਾ ਸੱਚਾ ਜਜ਼ਬਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਹੀ ਹੈ। ਗੁਰਮਤਿ-ਭਿੰਨੀ ਮਾਰਫ਼ਤ ਸੱਚੜੇ ਇਸ਼ਕ ਇਲਾਹੀ ਦੇ ਜਜ਼ਬੇ ਵਾਲੀ ਹਕੀਕਤ ਗੁਰਮਤਿ ਦਵਾਰਾ ਦਰਸਾਈ ਹੈ ਤਾਂ ਕੇਵਲ ਨਾਮ ਦੇ ਖੰਡੇ ਦਵਾਰਾ ਹੀ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਈ ਗਈ ਹੈ। ਏਸੇ ਨਾਮ ਦੇ ਖੰਡੇ ਨੂੰ ਦ੍ਰਿੜ੍ਹਾ ਦਰਸਾ ਕੇ ਹੀ ਅੰਦਰਲੇ ਬਾਹਰਲੇ ਦੂਤਾਂ ਦੈਂਤਾਂ ਦਾ ਬਿਨਾਸ਼ ਕਰਵਾਇਆ ਗਿਆ ਹੈ। ਗੁਰਮਤਿ-ਨਾਮ-ਭਿੰਨੜੇ ਜਪੁ ਨੀਸਾਣ ਦਾ ਖੰਡਾ ਖੜਕਦੇ ਹੀ, ਗੁਰਮਤਿ-ਨਾਮ ਦੇ ਪ੍ਰੇਮ-ਪਲੀਤੇ ਵਾਲੇ ਪੁਜਾਰੀ ਸਿੱਖ, ਅਕਾਲ ਪੁਰਖ ਦੀ ਦਰਗਾਹ ਵਿਚ ਸਿੱਧੇ ਹੀ ਜਾ ਵਾਰਦ (ਦਾਖ਼ਲ) ਹੁੰਦੇ ਹਨ। ਤਿਨ੍ਹਾਂ ਨੂੰ ਤੱਤ ਗੁਰਮਤੀ ਇਸ਼ਕ ਹਕੀਕੀ ਦੀ ਸੱਚੜੀ ਸਾਰ ਹੁੰਦੀ ਹੈ। ਇਸ ਸਾਰ ਬਿਹੂਣ ਸਾਰੇ ਮਾਇਕ ਬਿਉਪਾਰੀ ਕੁਦਰਤ ਦੇ ਬੰਦੇ ਇਸ ਇਸ਼ਕ ਹਕੀਕੀ ਵਾਲੇ ਜਜ਼ਬੇ ਤੋਂ ਵਾਸਤਵ ਵਿਚ ਅੰਧਲੇ ਹੀ ਹਨ। ਨਾਮ ਦਾ ਖੰਡਾ ਖੜਕਾ ਕੇ ਗੁਰੂ ਨਾਨਕ ਸਾਹਿਬ ਨੇ ਤੀਨ ਲੋਕ ਅਤੇ ਚੌਦ੍ਹਾਂ ਭਵਨਾਂ ਵਿਖੇ ਅਕਾਲੀ ਝੰਡਾ ਝੁਲਾਇਆ ਹੈ। ਜੋ ਗੁਰਮੁਖਿ ਜਨ ਇਸ ਖੰਡੇ ਦੇ ਅਨਿੰਨ ਉਪਾਸ਼ਕ ਹੋਏ ਹਨ ਓਹ ਵਿਸਮਾਦ ਮਈ ਇਸ਼ਕ ਹਕੀਕੀ ਵਿਚ ਜੀਉਂਦੇ ਜਾਗਦੇ ਹੀ ਲੀਨ ਹੋ ਜਾਂਦੇ ਹਨ। ਤਿਨ੍ਹਾਂ ਦੀ ਮਾਰਫ਼ਤ ਭੀ ਸੱਚੜੀ ਹਕੀਕਤ ਮਈ ਇਸ਼ਕ ਹਕੀਕੀ ਦਾ ਸੱਚਾ ਜਜ਼ਬਾ ਹੁੰਦਾ ਹੈ।

ਗੁਰਮਤਿ ਦੇ ਦਰਸਾਏ ਅਤੇ ਦ੍ਰਿੜ੍ਹਾਏ ਇਸ ਅਖੰਡਾਕਾਰ ਨਾਮ ਤੋਂ ਘੁਥੇ ਹੋਏ ਹੋਰ ਸਾਰੇ ਮਨੋ-ਮਨੀ ਦੇ ਪ੍ਰਮਾਰਥੀ ਪੈਰੋਕਾਰ ਬਣੇ ਹੋਏ ਹਨ ਅਤੇ ਮਨੋ-ਮਨੀ ਦੀ ਹੀ ਹਕੀਕਤ ਦੇ ਕਾਇਲ ਹਨ। ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਹੋਏ ਅਤੇ ਦ੍ਰਿੜ੍ਹਾਏ ਹੋਏ ਨਾਮ ਰੂਪੀ ਸੱਚੇ ਖੰਡੇ ਅੰਦਰਿ ਉਹ ਅਕਰਖਣੀ ਕਲਾ ਹੈ, ਜਿਸ ਦਵਾਰਾ ਕਿ ਸੱਚੀ ਹਕੀਕਤ ਅਤੇ ਸੱਚੜੀ ਮਾਰਫ਼ਤ ਵਾਲਾ ਇਸ਼ਕ ਹਕੀਕੀਆ ਜਜ਼ਬਾ ਸੁਤੇ ਸਿੱਧ ਹੀ ਅਨਿੰਨ ਉਪਾਸ਼ਕ ਗੁਰਸਿੱਖਾਂ ਦੇ ਹਿਰਦੇ ਵਿਚ ਪਰਵੇਸ਼ ਹੋ ਜਾਂਦਾ ਹੈ। ਓਹ ਹੀ ਇਸ਼ਕ ਹਕੀਕੀ ਦੇ ਸੱਚੇ ਰੰਗਾਂ ਨੂੰ ਮਾਣਦੇ ਹਨ ਅਤੇ ਇਨ੍ਹਾਂ ਰੰਗਾਂ ਵਿਚ ਹੀ ਮਸਤੂਲ ਮਸਤ ਹੋ ਕੇ ਸੱਚੜੀ ਇਸ਼ਕ ਹਕੀਕਤ ਨੂੰ ਪਛਾਣਦੇ ਹਨ।

ਤਾਂਤੇ ਨਾਮ ਰੂਪੀ ਖੰਡੇ ਦੀ ਅਖੰਡਾਕਾਰ ਕਮਾਈ ਕਰਨਾ ਹੀ ਸੱਚੜੀ ਇਸ਼ਕ ਇਲਾਹੀ ਵਾਲੀ ਮਾਰਫ਼ਤ-ਭਿੰਨੀ ਹਕੀਕਤ ਹੈ। ਇਸ ਤੋਂ ਬਿਨਾਂ ਹੋਰ ਹਕੀਕਤ ਕੈਸੀ ?

ਮਹਿਜ਼ ਮਨ-ਘੜਤ ਮਾਰਫ਼ਤ ਅਤੇ ਮਨ-ਘੜਤ ਹਕੀਕਤ ਹੇਠਲੇ ਦਰਜੇ ਦੀ ਹਕੀਕਤ ਹੀ ਰਹਿ ਜਾਂਦੀ ਹੈ, ਜੋ ਵਾਸਤਵ ਵਿਚ ਹਕੀਕਤ ਕੋਈ ਨਹੀਂ। ਜਿਸ ਹਕੀਕਤ ਦੀ ਸੱਚੜੀ ਇਸ਼ਕ ਇਲਾਹੀ ਦੀ ਕਸੌਟੀ ਦਵਾਰਾ ਅੰਦਰਲੇ ਬਾਹਰਲੇ ਦੂਤਾਂ ਦੈਂਤਾਂ ਦਾ ਨਾਸ਼ ਨਹੀਂ ਹੁੰਦਾ, ਓਹ ਹਕੀਕਤ ਦਰ-ਅਸਲ ਨਾਸਤਕਤਾ ਵਾਲੀ ਪੁਠ ਹੀ ਹੁੰਦੀ ਹੈ, ਜਿਸ ਦਾ ਛਿਨ ਭੰਗਰੀ ਸਵਾਦ ਆਪਣੇ ਆਪ ਨੂੰ ਰੱਬ ਮੰਨਣ ਵਾਲਿਆਂ ਦੇ ਦਿਲੋ-ਦਿਮਾਗ ਵਿਚ ਥੋੜਾ ਚਿਰ ਹੀ ਸੁਰਾਇਤ (ਪ੍ਰਵੇਸ਼) ਕਰੀ ਰਖਦਾ ਹੈ, ਓੜਕ ਫੋਕਾ ਪ੍ਰਤੀਤ ਹੋ ਕੇ ਰਹਿ ਜਾਂਦਾ ਹੈ। ਨਾਮ ਦੇ ਖੰਡੇ ਦੀ ਉਪਾਸ਼ਨਾ ਵਾਲੀ ਗੁਰਮਤਿ-ਕਸੌਟੀ ਤੋਂ ਉਰੇ ਰਹਿ ਜਾਣ ਵਾਲੇ ਅਖੌਤੀ (So Called) ਸਿੱਖ ਭੀ ਨੀਵੇਂ ਦਰਜੇ ਦੀ ਬੁੱਤ-ਪ੍ਰਸਤੀ ਵਿਚ ਪੈ ਜਾਂਦੇ ਹਨ। ਜਿਸ ਦੇ ਕਾਰਨ ਓਹ ਇਸ਼ਕ ਜਜ਼ਬਾਤੀ ਵਾਲੇ ਸ਼ਿਅਰ-ਔ-ਸੁਖ਼ਨ ਨੂੰ ਉਚਾਰਨਾ ਜਾਣਦੇ ਹਨ ਅਤੇ ਜਾਣ ਬੁੱਝ ਕੇ ਐਸੇ ਨੀਵੇਂ ਦਰਜੇ ਦੀ ਇਸ਼ਕ ਜਜ਼ਬਾਤੀ ਵਾਲੀ ਬੁੱਤ-ਪ੍ਰਸਤੀ ਨੂੰ ਇਸ਼ਕ ਹਕੀਕੀ ਕਰਕੇ ਮੰਨੀ ਬੈਠੇ ਹਨ।

ਜਿਨ੍ਹਾਂ ਵਡਭਾਗੇ ਗੁਰਸਿੱਖਾਂ ਨੇ ਸੱਚੜੀ ਗੁਰਮਤਿ ਮੱਤੜੀ ਗ੍ਰਹਿਣ ਕੀਤੀ ਹੈ ਓਹ ਸੱਚੜੇ ਨਾਮ ਦਾ ਖੰਡਾ ਖੜਕਾਉਂਦੇ ਹੋਏ ਹੀ ਧੁਰ ਦਰਗਾਹ ਜਾ ਪਹੁੰਚਣਗੇ ਅਤੇ ਜਿਤਨੀ ਜੀਵਨੀ ਏਥੇ ਇਸ ਸੰਸਾਰ ਵਿਖੇ ਰਹਿ ਕੇ ਬਿਤਾਉਣਗੇ, ਉਹ ਵੀ ਸਾਰੀ ਦੀ ਸਾਰੀ ਸਮੁੱਚੀ ਹੀ ਇਸ਼ਕ ਹਕੀਕੀ ਦੇ ਸੱਚੜੇ ਜਜ਼ਬੇ ਵਾਲੀ ਸੱਚੜੀ ਜੀਵਨੀ ਹੋਵੇਗੀ। ਫੋਕੇ ਇਸ਼ਕ ਮਜਾਜ਼ੀ ਦੀਆਂ ਫੜ੍ਹਾਂ ਮਾਰਨ ਵਾਲੇ ਕਦੇ ਵੀ ਗੁਰਮਤਿ-ਤੱਤ-ਦਰਸੀ ਇਸ਼ਕ ਹਕੀਕੀ ਦੇ ਤੱਤ ਜਜ਼ਬੇ ਨੂੰ ਪ੍ਰਾਪਤ ਨਹੀਂ ਹੋ ਸਕਦੇ।

ਏਸੇ ਹੀ ਨਫ਼ਸ-ਪ੍ਰਸਤੀ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਸਾਰੇ ਸੰਸਾਰ ਨੂੰ ਬਾਹਰ ਕੱਢਣ ਲਈ ਨਿਰੰਕਾਰੀ ਗੁਰੂ ਨਾਨਕ ਸਾਹਿਬ ਜੀ ਨੇ ਖੰਡਾ-ਖੜਕਾਰੀ-ਚੋਜ ਵਰਤਾਇਆ ਅਤੇ ਇਸ ਬਿਧਿ ਚੋਜ-ਚੋਜਾਰੀ ਗੁਰਸਿੱਖਾਂ ਉਪਰ ਗੁਰੂ ਕੇ ਹੁਕਮ ਮੰਨਣਹਾਰੀ ਬਰਕਤ ਬਰਸੀ। ਅਤੇ ਐਸੀ ਬਰਸੀ ਕਿ ਓਹ ਇਸ਼ਕ ਮਜਾਜ਼ੀ ਵਾਲੇ ਫੋਕਟ ਜਜ਼ਬੇ ਦੇ ਵਹਿਣ ਵਿਚ ਉੱਕੇ ਹੀ ਨਹੀਂ ਰੁੜ੍ਹੇ। ਨਿਰੰਕਾਰੀ ਚੋਜ-ਚੋਜਾਰੀ ਗੁਰਮਤਿ ਨਾਮ ਅਖੰਡਾਕਾਰੀ ਖੰਡੇ ਨੇ ਤਿਨ੍ਹਾਂ ਨੂੰ ਹੱਥ ਦੇ ਕੇ ਰੱਖ ਲਿਆ। ਗੁਰੂ ਸੱਚਾ ਪਾਤਸ਼ਾਹ ਮੇਹਰ ਕਰੇ ਆਪ, ਨਾਮ-ਧਰੀਕ ਇਸ਼ਕ ਮਜਾਜ਼ ਵਾਲੇ ਸਿੱਖਾਂ ਨੂੰ ਭੀ ਇਸ ਨਫ਼ਸਾਨੀ ਜਜ਼ਬੇ ਵਾਲੇ ਚਿੱਕੜ ਤੋਂ ਧੂਹ ਕੇ ਬਾਹਰ ਕੱਢ ਲਵੇ ਅਤੇ ਮੁੜ ਇਧਰ ਪ੍ਰਵੇਸ਼ ਹੋਣ ਹੀ ਨਾ ਦੇਵੇ ਅਤੇ ਪੂਰਨ ਦਿਆਲੂ ਹੋ ਕੇ ਪਤਿਤਾਂ ਨੂੰ ਉਧਾਰ ਲਵੇ। ਭਾਈ ਗੁਰਦਾਸ ਜੀ ਦੇ ਇਸ ਸੱਚੀ ਪ੍ਰਾਰਥਨਾ ਦੇ ਵਾਕ ਅਨੁਸਾਰ:

**ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ ॥੬੭੨॥ (ਕਬਿਤ ਸਵੱਯੇ, ਭਾਈ ਗੁਰਦਾਸ ਜੀ)**

ਵਾਲਾ ਸੱਚੜਾ ਨਗ਼ਮਾ ਗਾਉਣ ਦਾ ਇਹਨਾਂ ਮੇਹਰ-ਪਾਤਰਾਂ ਨੂੰ ਅਵਸਰ ਬਖ਼ਸ਼ੇ।▪▪



# ਪੰਚ ਪਰਵਾਣ ਪੰਚ ਪਰਧਾਨੁ

ਭਾਈ ਮਨਮੋਹਨ ਸਿੰਘ ਅਮਰੀਕਾ

ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਂਵਾਕ "ਪੰਚ ਪਰਵਾਣ ਪੰਚ ਪਰਧਾਨੁ ॥" ਸਿੱਖ ਧਰਮ ਦੇ ਇਕ ਮੁੱਢਲੇ ਅਸੂਲ ਨੂੰ ਨਿਰੂਪਣ ਕਰਦਾ ਹੈ। ਗੁਰਬਾਣੀ ਇਹ ਸਪੱਸ਼ਟ ਤੌਰ 'ਤੇ ਦੱਸਦੀ ਹੈ ਕਿ ਪੂਰਾ ਸਤਿਗੁਰੂ ਕੇਵਲ ਗੁਰੂ ਨਾਨਕ ਹੀ ਹੈ, ਜੋ ਧੁਰ-ਦਰਗਾਹੋਂ ਅਕਾਲ ਪੁਰਖ ਤੋਂ ਸੱਚੇ ਗੁਰੂ ਦੀ ਪਦਵੀ ਪ੍ਰਾਪਤ ਕਰ ਕੇ ਆਏ ਹਨ। "ਕਲਿਜੁਗੁ ਉਧਾਰਿਆ ਗੁਰਦੇਵ ॥" (ਆਸਾ ਮਹਲਾ ੫, ਅੰਕ : ੪੦੬) ਦੇ ਮਹਾਂਵਾਕ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਸ੍ਰਿਸ਼ਟੀ ਦਾ ਕਲਜੁਗ ਵਿਖੇ ਉਧਾਰ ਕਰਨਾ ਹੈ। ਰਸਾਤਲ ਵੱਲ ਜਾ ਰਹੀ ਸਾਰੀ ਲੋਕਾਈ ਦਾ ਉਧਾਰ ਇਕ ਸਰੀਰਕ ਜਾਮੇ ਵਿਚ ਨਹੀਂ ਹੋ ਸਕਦਾ। ਪੰਜਾਂ ਤੱਤਾਂ ਦੇ ਸਰੀਰ-ਭਾਂਡੇ ਦੀ ਉਮਰ ਅਟੱਲ ਕਾਨੂੰਨੇ-ਕੁਦਰਤਿ ਅਨੁਸਾਰ ਗਿਣੀ-ਮਿਥੀ ਹੈ, ਇਸ ਲਈ ਇਸ ਮਹਾਨ ਕਾਰਜ ਦੀ ਅਕਾਲ ਪੁਰਖ ਵਲੋਂ ਸੌਂਪੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਆਪ ਜੀ ਨੇ ਦੱਸ ਜਾਮੇ ਧਾਰਨ ਕਰਕੇ ਗੁਰਸਿੱਖ ਨੂੰ ਪੱਕੇ ਪੈਰਾਂ 'ਤੇ ਖੜ੍ਹਾ ਕੀਤਾ। ਅੰਤ ਵਿਚ ਉਹੀ ਗੁਰੂ-ਜੋਤਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵੇਸ਼ ਹੋ ਗਈ। ਉਨ੍ਹਾਂ ਦੇ ਤਾਬਿਆ ਸਰੀਰਕ ਜੁਗਤਿ ਵਰਤਾਉਣ ਦੀ ਸੇਵਾ ਪੰਚ ਪਰਵਾਣ ਸਿੱਖਾਂ ਨੂੰ ਪੰਚ ਪ੍ਰਧਾਨ ਦੀ ਪਦਵੀ ਦੇ ਕੇ ਸੌਂਪੀ ਗਈ।

ਅਸਲ ਵਿਚ ਪੰਚ ਪ੍ਰਧਾਨੀ ਪ੍ਰਥਾ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੀਰਕ ਜਾਮੇ ਵਿਚ ਆਪ ਹੀ ਆਰੰਭ ਕਰ ਦਿੱਤੀ ਸੀ। ਭਾਈ ਕਾਨ੍ਹ ਸਿੰਘ ਨਾਭਾ "ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼" ਵਿਚ ਇਸ ਸਬੰਧ ਵਿਚ ਇਸ ਤਰ੍ਹਾਂ ਲਿਖਦੇ ਹਨ:

"ਗੁਰੂ ਨਾਨਕ ਜੀ ਤੋਂ ਲੈ ਕੇ ਪੰਜ ਪਯਾਰੇ ਚੁਣੇ ਜਾਂਦੇ ਰਹੇ ਹਨ, ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਨਹੀਂ ਲਿਖੇ, ਕੇਵਲ ਥੋੜੇ ਨਾਮ ਹੀ ਦਿਤੇ ਹਨ, ਜੇਹਾ ਕਿ ਗੁਰੂ ਅਰਜਨ ਦੇਵ ਜੀ ਦੇ ਪੰਜ ਪਯਾਰੇ-ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਤੇ ਭਾਈ ਪੈੜਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਤਮ ਗਯਾਨੀ ਪੰਜ ਪਯਾਰੇ-ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਊਦਾ ਤੇ ਜੈਤਾ।"

(ਪੰਨਾ : ੫੯੩, ਦੂਜੀ ਛਾਪ)

ਸੋ ਸਪੱਸ਼ਟ ਹੈ ਕਿ ਪੰਜਾਂ ਪਿਆਰਿਆਂ ਦੀ ਚੋਣ ਇਸੇ ਵਾਸਤੇ ਕੀਤੀ ਜਾਂਦੀ ਸੀ ਤਾਂ ਜੁ, ਗੁਰੂ ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ, ਸੰਗਤਾਂ ਦੀ ਠੀਕ ਅਗਵਾਈ ਹੋ ਸਕੇ ਤੇ ਨਾਲ ਹੀ ਸੰਗਤਾਂ ਦੀਆਂ ਪਰਮਾਰਥਕ ਅਤੇ ਸੰਸਾਰਕ ਔਕੜਾਂ, ਗੁੰਝਲਾਂ ਆਦਿ ਹੱਲ ਕਰਨ ਵਿਚ ਸਹਾਈ ਹੋਣ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੇ ਇਸ ਵਾਕ ਤੋਂ ਵੀ ਸਪੱਸ਼ਟ ਹੁੰਦੀ ਹੈ:

**ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥**
**(ਵਾਰ ੧੩, ਪਉੜੀ ੧੯)**

ਇਸ ਲਈ ਇਹ ਸਪੱਸ਼ਟ ਹੋ ਗਿਆ ਕਿ ਪੰਜ ਆਤਮ-ਧਿਆਨੀ ਗੁਰਸਿੱਖਾਂ ਨੂੰ ਪ੍ਰਧਾਨਗੀ ਦੀ ਮਰਿਯਾਦਾ ਆਰੰਭ ਤੋਂ ਹੀ ਗਿਣ-ਮਿਥ ਕੇ ਬਣਾਈ ਯੋਜਨਾ ਅਧੀਨ ਸੀ। ਗੁਰੂ ਸਾਹਿਬ ਨੇ

ਆਰੰਭ ਤੋਂ ਹੀ ਨਵੇਂ ਸਾਜੇ ਨਿਰਮਲ ਜਾਂ ਖ਼ਾਲਸਾ ਪੰਥ ਦੀ ਅਗਵਾਈ ਵਿਚ ਪੰਜਾਂ ਦਾ ਮੁੱਖ ਅਸਥਾਨ ਸੋਚਿਆ ਹੋਇਆ ਸੀ। ਉਸੇ ਉਲੀਕੀ ਯੋਜਨਾ ਅਨੁਸਾਰ ਦਸਵੇਂ ਜਾਮੇ ਵਿਚ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮੁਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਤੇ ਭਾਈ ਹਿੰਮਤ ਸਿੰਘ ਜੀ ਨੂੰ ਪੰਜ ਪਿਆਰੇ ਥਾਪਿਆ ਗਿਆ।

ਸ੍ਰੀ ਦਸਮੇਸ਼ ਜੀ ਨੇ ਆਪਣੀ ਸਰੀਰਕ ਉਮਰ ਵਿਚ ਹੀ ਪੰਜਾਂ ਪਿਆਰਿਆਂ ਦੀ ਮਹੱਤਤਾ ਪ੍ਰਗਟ ਪਹਾਰੇ ਸਪੱਸ਼ਟ ਤੌਰ 'ਤੇ ਰੂਪਮਾਨ ਕੀਤੀ, ਤਾਂ ਜੋ ਇਸ ਸਬੰਧੀ ਆਉਣ ਵਾਲੇ ਸਮੇਂ ਵਿਚ ਕੋਈ ਭਰਮ-ਭੁਲੇਖਾ ਨਾ ਰਹਿ ਜਾਵੇ :

(ੳ) ਸੰਨ ੧੬੯੯ ਈਸਵੀ ਦੇ ਵੈਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਖੰਡੇ ਕੀ ਪਾਹੁਲ (ਅੰਮ੍ਰਿਤ) ਛਕਾ ਕੇ, ਫਿਰ ਉਨ੍ਹਾਂ ਪਾਸੋਂ ਖੁਦ ਖੰਡੇ ਕੀ ਪਾਹੁਲ ਨੂੰ ਛਕਿਆ ਤੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣੇ।

(ਅ) ਓਸੇ ਦਿਨ ਇਤਿਹਾਸ ਅਨੁਸਾਰ ਹਜ਼ਾਰਾਂ ਸਿੱਖਾਂ ਨੇ 'ਅੰਮ੍ਰਿਤ' ਪਾਨ ਕੀਤਾ। ਸਪੱਸ਼ਟ ਹੈ ਕਿ ਇਸ ਮਹਾਨ ਕਾਰਜ ਦੀ ਸੇਵਾ ਇਨ੍ਹਾਂ ਪੰਜਾਂ ਪਿਆਰਿਆਂ ਨੇ ਹੀ ਕੀਤੀ ਹੋਵੇਗੀ। ਬਲਕਿ ਸੰਭਵ ਹੈ ਕਿ ਹੋਰ ਨਵੇਂ ਅੰਮ੍ਰਿਤਧਾਰੀ ਸਿੱਖਾਂ ਵਿਚੋਂ ਵੀ ਪੰਜ ਪਿਆਰੇ ਚੁਣ ਕੇ ਸੇਵਾ ਲਈ ਗਈ ਹੋਵੇ।

(ੲ) ਇਤਿਹਾਸ ਵਿਚੋਂ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਇਸ ਵੈਸਾਖੀ ਵਾਲੇ ਚੋਜ ਤੋਂ ਉਪਰੰਤ ਦਸਮੇਸ਼ ਜੀ ਨੇ ਕਦੇ ਵੀ ਇਕੱਲਿਆਂ ਅੰਮ੍ਰਿਤ ਛਕਾਇਆ ਹੋਵੇ।

(ਸ) ਦਾਦੂ ਦੁਆਰੇ ਵਿਚ ਕਬਰ ਨੂੰ ਦਸਮੇਸ਼ ਜੀ ਨੇ ਤੀਰ ਨਾਲ ਨਮਸਕਾਰ ਕਰਨ ਦਾ ਚੋਜ ਕੇਵਲ ਖ਼ਾਲਸਾ ਜੀ ਦੀ ਪਰਖ ਕਰਨ ਹਿੱਤ ਹੀ ਵਰਤਾਇਆ ਅਤੇ ਤਨਖ਼ਾਹ ਲੁਆਉਣ ਦਾ ਪੂਰਨਾ ਵੀ ਖ਼ਾਲਸਾ ਜੀ ਦੀ ਸਰਵਉੱਚਤਾ ਸਥਾਪਤ ਕਰਨ ਹਿੱਤ ਹੀ ਪਾਇਆ।

(ਹ) ਚਮਕੌਰ ਦੀ ਗੜ੍ਹੀ ਵਿਚ ਜਦੋਂ ਮੁੱਠੀ ਭਰ ਸਿੰਘਾਂ ਨੇ ਇਹ ਦੇਖ ਲਿਆ ਕਿ ਇਥੇ ਸਿੰਘਾਂ ਦੇ ਸੰਗ ਦਸਮੇਸ਼ ਜੀ ਨੇ ਵੀ ਸ਼ਹੀਦ ਹੋਣ ਲਈ ਕਮਰਕੱਸੇ ਕਰ ਲਏ ਹਨ ਤਾਂ ਉਦੋਂ ਹੋਰ ਕੋਈ ਵਾਹ ਨਾ ਚੱਲਦੀ ਦੇਖ ਕੇ ਪੰਜਾਂ ਸਿੰਘਾਂ ਨੇ ਪੰਜਾਂ ਪਿਆਰਿਆਂ ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਗੜ੍ਹੀ ਵਿਚੋਂ ਜ਼ਿੰਦਾ ਚਲੇ ਜਾਣ ਦਾ ਹੁਕਮ ਕੀਤਾ ਤੇ ਦਸਮੇਸ਼ ਪਿਤਾ ਜੀ ਨੇ ਸਿਰ ਨਿਵਾ ਕੇ ਹੁਕਮ ਦੀ ਪਾਲਣਾ ਕੀਤੀ।

ਸੋ ਸਪੱਸ਼ਟ ਹੈ ਕਿ ਪੰਚਾਂ ਦੀ ਪ੍ਰਧਾਨਗੀ ਦੀ ਗੁਰਮਤਿ ਮਰਿਯਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਾਂ ਜਾਮਿਆਂ ਵਿਚ ਪ੍ਰਚਲਿਤ ਕਰਕੇ ਅਖੀਰਲੇ ਸਰੀਰਕ ਜਾਮੇ ਵਿਚ ਇਸ ਦਾ ਪੱਕਾ ਬਾਨ੍ਹਣੂ ਬੰਨ੍ਹ ਦਿੱਤਾ, ਜਦੋਂ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਂ ਪਿਆਰਿਆਂ ਸੰਗ ਪੰਜਾਬ ਚਾਲੇ ਪਾਉਣ ਦਾ ਹੁਕਮ ਕੀਤਾ, ਤਾਂ ਜੋ ਪੰਥ ਦੀ ਚੜ੍ਹਦੀ ਕਲਾ ਲਈ ਧਰਮ ਯੁੱਧ ਨੂੰ ਜਾਰੀ ਰੱਖ ਕੇ ਦੁਸ਼ਟਾਂ ਦਾ ਸੰਘਾਰ ਕੀਤਾ ਜਾਵੇ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿੱਛੋ ਹੌਲੀ-ਹੌਲੀ ਇਸ 'ਪੰਚ ਪਰਧਾਨੁ' ਦੀ ਮਰਿਯਾਦਾ ਵਿਚ ਵਿਘਨ ਪੈ ਗਿਆ। ਸਮੇਂ ਦੇ ਗੇੜ ਨਾਲ ਪੰਜਾਂ ਪਿਆਰਿਆਂ ਦਾ ਕਰਤੱਵ ਕੇਵਲ ਅੰਮ੍ਰਿਤ ਛਕਾਉਣ 'ਤੇ ਹੀ ਮਹਿਦੂਦ ਰਹਿ ਗਿਆ। ਪੰਥ ਦੀ ਅਗਵਾਈ ਹਰ ਸਿਰ-ਕੱਢਵਾਂ ਜਰਨੈਲ ਆਪਣੇ ਬਲ ਤੇ ਬੁੱਧੀ ਅਨੁਸਾਰ ਕਰਨ ਲੱਗਾ। ਇਸੇ ਤਰ੍ਹਾਂ ਵੱਖੋ-ਵੱਖ ਚੋਣਵੇਂ ਬਹਾਦਰ ਅਣਖੀਲੇ ਗੁਰਸਿੱਖ ਜਰਨੈਲਾਂ ਦੇ ਜਥੇ ਉਨ੍ਹਾਂ ਦੇ ਆਪਣੇ ਨਾਮ ਹੇਠ ਮਿਸਲਾਂ ਦਾ ਰੂਪ ਧਾਰਨ ਕਰ ਗਏ। ਉਨ੍ਹਾਂ ਸਾਰੀਆਂ ਮਿਸਲਾਂ ਨੂੰ ਸਰ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਤ ਕੀਤਾ ਸੀ ਤਾਂ ਉਨ੍ਹਾਂ ਨੇ ਜ਼ਾਤੀ (ਸ਼ਖ਼ਸੀ) ਰਾਜ ਹੀ ਥਾਪਿਆ ਤੇ ਆਪ ਉਸ ਦੇ ਹੁਕਮਰਾਨ ਮਹਾਰਾਜਾ ਬਣੇ। ਉਨ੍ਹਾਂ ਦਾ ਚਾਲੀ ਕੁ ਸਾਲ ਦਾ ਰਾਜ ਦੁਨਿਆਵੀ ਧਰਮ ਨਿਰਪੱਖਤਾ ਤੇ ਇਨਸਾਫ਼ ਵਜੋਂ ਇਕ ਲਾ-ਮਿਸਾਲ ਰਾਜ ਸੀ। ਇਤਿਹਾਸ ਅਨੁਸਾਰ ਉਨ੍ਹਾਂ ਦੇ ਰਾਜ ਵਿਚ ਪੂਰਨ ਅਮਨ ਸੀ। ਕਿਸੇ ਇਕ ਬੰਦੇ ਨੂੰ ਵੀ ਫ਼ਾਂਸੀ ਦੀ ਸਜ਼ਾ ਨਹੀਂ ਮਿਲੀ। ਸਾਰੇ ਧਰਮਾਂ ਨੂੰ ਪੂਰੀ ਆਜ਼ਾਦੀ ਸੀ ਤੇ ਕਿਸੇ ਇਕ ਆਨਮਤੀ 'ਤੇ ਵੀ ਸਿੱਖ ਧਰਮ ਡਰ ਜਾਂ ਲਾਲਚ ਦੇ ਕੇ ਠੋਸਿਆ ਨਹੀਂ ਸੀ ਗਿਆ। ਪਰ ਫਿਰ ਵੀ ਉਨ੍ਹਾਂ ਦੀ ਮੌਤ ਤੋਂ ਪਿੱਛੋਂ ਦਿਨਾਂ ਵਿਚ ਹੀ ਸਿੱਖ ਰਾਜ ਦਾ ਭੋਗ ਪੈ ਗਿਆ ਅਤੇ ਜੋ ਕੁਝ ਉਦੋਂ ਕਤਲੋਗਾਰਦ ਹੋਈ, ਉਹ ਪੜ੍ਹ-ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਜੇਕਰ ਮਹਾਰਾਜਾ ਰਣਜੀਤ ਸਿੰਘ 'ਪੰਜਾਂ ਪ੍ਰਧਾਨ' ਸਿੰਘਾਂ ਦੀ ਕੌਂਸਲ ਬਣਾ ਕੇ ਉਨ੍ਹਾਂ ਦੇ ਸਲਾਹ-ਮਸ਼ਵਰੇ ਤੇ ਉਨ੍ਹਾਂ ਦੇ ਅਧੀਨ ਹੋ ਕੇ ਰਾਜ ਕਰਦੇ ਤਾਂ ਉਨ੍ਹਾਂ ਦੇ ਅੰਤ ਸਮੇਂ ਰਾਜ ਦੀ ਸਾਰੀ ਜ਼ਿੰਮੇਵਾਰੀ ਪੰਚਾਇਣ ਨੇ ਆਪਣੇ ਹੱਥ ਲੈ ਕੇ ਨਵਾਂ ਜਥੇਦਾਰ ਥਾਪ ਕੇ ਸੰਭਾਲ ਲੈਣੀ ਸੀ ਤੇ ਖ਼ਾਲਸਾ ਰਾਜ ਦਾ ਇਸ ਤਰ੍ਹਾਂ ਅੰਤ ਨਾ ਹੁੰਦਾ।

ਇਸੇ ਤਰ੍ਹਾਂ ਹੀ ਸਿੰਘ ਸਭਾ ਤੇ ਅਕਾਲੀ ਲਹਿਰ ਸਮੇਂ ਜੋ ਸਫ਼ਲਤਾ ਹੋਈ, ਉਹ ਅੱਗੋਂ ਵੀ ਜਾਰੀ ਰਹਿ ਸਕਦੀ ਸੀ, ਜੇਕਰ ਸਾਰਾ ਪੰਥ ਪੰਚਾਇਣ ਦੀ ਪ੍ਰਧਾਨਗੀ ਹੇਠ ਚੱਲਦਾ। ਸ਼੍ਰੋਮਣੀ ਅਕਾਲੀ ਦਲ, ਜੋ ਅਕਾਲ (ਭਾਵ, ਅਕਾਲ ਪੁਰਖ) ਦੇ ਦਲ ਸਨ, ਉਹ ਉੱਘੇ ਲੀਡਰਾਂ ਦੇ ਨਾਮ ਨਾਲ ਨੱਥੇ ਗਏ-ਬਾਦਲ ਅਕਾਲੀ ਦਲ, ਮਾਸਟਰ ਅਕਾਲੀ ਦਲ, ਮਾਨ ਅਕਾਲੀ ਦਲ ਇਤਿਆਦਿਕ ਨਾਮ ਹੀ ਅਰਥਹੀਨ ਹਨ। ਅਕਾਲੀ ਭਾਵ ਅਕਾਲ ਪੁਰਖ ਦਾ ਦਲ ਕਦੇ ਕਿਸੇ ਮਨੁੱਖ ਦਾ ਦਲ ਵੀ ਹੋ ਸਕਦਾ ਹੈ ? ਗੁਰੂ ਦਸਮੇਸ਼ ਪਿਤਾ ਜੀ ਨੇ ਤਾਂ ਖ਼ਾਲਸੇ ਦੀ ਸਾਜਨਾ ਕਰਕੇ ਵੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਨਹੀਂ ਆਖਿਆ, ਬਲਕਿ ਫ਼ਰਮਾਇਆ – "ਖਾਲਸਾ ਅਕਾਲ ਪੁਰਖ ਕੀ ਫੌਜ" ਤੇ ਨਾਲ ਹੀ ਫ਼ਰਮਾਨ ਕੀਤਾ ਕਿ "ਖਾਲਸਾ ਮੇਰੋ ਸਤਿਗੁਰ ਪੂਰਾ"। ਇੱਥੇ ਹੀ ਬੱਸ ਨਹੀਂ, ਸੱਚੇ ਪਾਤਿਸ਼ਾਹ ਤਾਂ ਇੱਥੋਂ ਤੱਕ ਫ਼ੁਰਮਾ ਗਏ ਕਿ "ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕ੍ਰੋਰ ਪਰੇ ॥" ਇਸ ਦੇ ਉਲਟ ਪੰਥ ਮੁਖੀ ਆਪੋ ਆਪਣੇ ਨਾਮ ਹੇਠ "ਅਕਾਲੀ ਦਲ" ਬਣਾ ਕੇ ਪੰਥ ਦੀ ਸੇਵਾ ਦਾ ਦਾਅਵਾ ਕਰ ਰਹੇ ਹਨ। ਇਸ ਦਾ ਨਤੀਜਾ ਸਾਡੇ ਸਾਹਮਣੇ ਹੈ। ਦਸਮੇਸ਼ ਜੀ ਦੇ ਹੁਕਮ ਅਨੁਸਾਰ:

**ਜਬ ਇਹ ਗਹੈ ਬਿਪਰਨ ਕੀ ਰੀਤ ॥**
**ਮੈਂ ਨ ਕਰੋਂ ਇਨ ਕੀ ਪ੍ਰਤੀਤ ॥**

ਇਨ੍ਹਾਂ ਸਾਰੇ (ਕੇਵਲ ਨਾਮ ਦੇ) ਅਕਾਲੀ ਦਲਾਂ ਦੀ ਜੋ ਦਸ਼ਾ ਹੈ, ਉਹ ਪ੍ਰਤੱਖ ਤੇ ਪ੍ਰਗਟ-ਪਹਾਰੇ ਸਾਰੇ ਜਗਤ 'ਤੇ ਰੌਸ਼ਨ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਇਕ ਨਿਕਟਵਰਤੀ ਪੁਰਾਤਨ ਸਿੰਘ ਨੇ ਦੱਸਿਆ ਸੀ ਕਿ ੧੯੪੭ ਈਸਵੀ ਦੀ ਦੇਸ਼-ਵੰਡ ਪਿੱਛੋਂ ਮਾਸਟਰ ਤਾਰਾ ਸਿੰਘ ਜੀ ਭਾਈ ਸਾਹਿਬ ਕੋਲ ਉਨ੍ਹਾਂ ਦੀ ਅਗਵਾਈ ਤੇ ਸਲਾਹ ਲਈ ਆਏ। ਪੁੱਛਣਾ ਕੀਤੀ ਕਿ ਉਸ ਸੰਕਟ ਸਮੇਂ ਪੰਥ ਦੀ ਚੜ੍ਹਦੀ ਕਲਾ ਲਈ ਕੀ ਕੀਤਾ ਜਾਵੇ। ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਕਾਰਜ-ਸਾਧਕ ਕਮੇਟੀ ਭੰਗ ਕਰਕੇ ਪੰਜ ਆਤਮ-ਗਿਆਨੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧੀਨ, ਸਾਰੀ ਜ਼ਿੰਮੇਵਾਰੀ ਸੌਂਪੀ ਜਾਵੇ ਤਾਂ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਹੋਵੇਗੀ, ਪਰ ਮਾਸਟਰ ਜੀ ਸਿਆਸਤ ਦੇ ਅਧੀਨ ਇਹ ਕਰਨ ਤੋਂ ਅਸਮਰੱਥ ਰਹੇ, ਸੋ ਹੁਣ ਪੰਥ ਵਿਚ ਆਪੋ-ਧਾਪੀ ਪਈ ਹੋਈ ਹੈ।

ਵੱਖ-ਵੱਖ ਸੰਪਰਦਾਵਾਂ ਤੇ ਜਥੇ ਆਪਸ ਵਿਚ ਖਹਿਬੜ ਰਹੇ ਹਨ। ਕਿਉਂ ? ਇਸ ਲਈ ਕਿ ਪੰਜ ਪਿਆਰਿਆਂ ਦੀ ਸੇਵਾ ਕੇਵਲ ਅੰਮ੍ਰਿਤ ਪ੍ਰਚਾਰ ਤੱਕ ਮਹਿਦੂਦ ਹੋ ਕੇ ਰਹਿ ਗਈ ਹੈ। ਪੰਥ ਦੀ ਅਗਵਾਈ ਆਨਮਤੀਆਂ ਦੀ ਰੀਸੋ-ਘੜੀਸੇ ਆਪੋ ਆਪਣੀ ਸਿਆਣਪ ਚਤੁਰਾਈ ਤੇ ਚੌਧਰਪੁਣੇ ਦੇ ਅਧੀਨ ਵੱਖੋ ਵੱਖ ਨੇਤਾ ਕਰ ਰਹੇ ਹਨ। ਇਸੇ ਲਈ ਮੌਜੂਦਾ ਪੰਥਕ ਦਸ਼ਾ ਦੇਖ ਕੇ ਹਰ ਸੂਝਵਾਨ ਪੰਥ ਦਰਦੀ ਫ਼ਿਕਰਮੰਦ ਹੈ। ਇਸ ਵੱਲ ਸਾਰੇ ਖ਼ਾਲਸਾ ਪੰਥ ਨੂੰ ਧਿਆਨ ਦੇਣਾ ਚਾਹੀਦਾ ਹੈ।▪▪

# ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀ ਗਾਥਾ-੨

ਸੁਖਦੀਪ ਸਿੰਘ ਬਰਨਾਲਾ

ਕੇਂਦਰ ਸਰਕਾਰ ਨੇ ਜ਼ੋਰ ਜ਼ਬਰਦਸਤੀ ਨਾਲ ੧੯੯੦ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਸੀ। ਅਖ਼ੀਰ ਬੱਬਰ ਖ਼ਾਲਸਾ ਦੇ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਕੁਝ ਹੋਰ ਖਾੜਕੂ ਸਿੰਘਾਂ ਨੇ ੨੩ ਜੁਲਾਈ ੧੯੯੦ ਨੂੰ ਬੰਦੂਕ ਦੀ ਨੋਕ ਨਾਲ ਇਸ ਉਸਾਰੀ ਨੂੰ ਰੋਕ ਦਿੱਤਾ। ਦੁਬਾਰਾ ਇਸ ਉਸਾਰੀ ਦੀ ਤਕਰੀਬਨ ਇਕ ਦਹਾਕੇ ਤੱਕ ਕੋਈ ਖ਼ਾਸ ਗੱਲ ਨਹੀਂ ਹੋਈ। ਪਹਿਲਾਂ ੧੫ ਜਨਵਰੀ ੨੦੦੨ ਅਤੇ ਫਿਰ ੪ ਜੂਨ ੨੦੦੪ ਵਿਚ ਸੁਪਰੀਮ ਕੋਰਟ ਨੇ ਦੋ ਵਾਰ ਇਸ ਨਹਿਰ ਨੂੰ ਬਣਾਏ ਜਾਣ ਦੇ ਹੁਕਮ ਜਾਰੀ ਕੀਤੇ। ੪ ਜੂਨ ੨੦੦੪ ਦੇ ਹੁਕਮਾਂ ਵਿਚ ਸੁਪਰੀਮ ਕੋਰਟ ਨੇ ਮੁੱਖ ਰੂਪ ਵਿਚ ਇਹ ਆਖਿਆ ਕਿ ਅੱਜ ਤੋਂ ਇਕ ਮਹੀਨੇ ਦੇ ਵਿਚ-ਵਿਚ ਕੇਂਦਰ ਸਰਕਾਰ ਕਿਸੇ ਕੇਂਦਰੀ ਏਜੰਸੀ ਰਾਹੀਂ ਪੰਜਾਬ ਕੋਲੋਂ ਨਹਿਰ ਉਸਾਰੀ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਲਵੇ।

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)**

ਇਨ੍ਹਾਂ ਗੱਲਾਂ ਤੋਂ ਲਗਭਗ ਸਪੱਸ਼ਟ ਸੀ ਕਿ ਪੰਜਾਬ ਦੀ ਲੀਡਰਸ਼ਿਪ ਪਾਣੀਆਂ ਦੀ ਵੰਡ ਸਵੀਕਾਰ ਕਰ ਚੁੱਕੀ ਸੀ।

ਇਸ ਸਮੇਂ ਤੱਕ ਪੰਜਾਬ ਦੇ ਕਿਸਾਨਾਂ ਦੇ ਦਬਾਅ ਹੇਠ ਪਾਣੀਆਂ ਦਾ ਝਗੜਾ ਸੁਪਰੀਮ ਕੋਰਟ ਜਾ ਚੁੱਕਿਆ ਸੀ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਉੱਤੇ ਸੁਪਰੀਮ ਕੋਰਟ ਵਿਚੋਂ ਪੰਜਾਬ ਦਾ ਕੇਸ ਵਾਪਸ ਲੈਣ ਲਈ ਭਾਰੀ ਦਬਾਅ ਸੀ। ਅੰਦਰੂਨੀ ਸੂਤਰਾਂ ਮੁਤਾਬਕ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਬਰਖ਼ਾਸਤ ਕਰਨ ਤੱਕ ਦੀ ਧਮਕੀ ਦਿੱਤੀ ਗਈ ਸੀ।

ਹੁਣ ਇਕ ਹੋਰ ਸਮਝੌਤੇ ਦਾ ਵੇਲਾ ਆ ਗਿਆ ਸੀ। ਇਹ ਸਮਝੌਤਾ ੩੧ ਦਸੰਬਰ ੧੯੮੧ ਨੂੰ ਕੀਤਾ ਗਿਆ। ਇਹ ਸਮਝੌਤਾ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ, ਸ਼ਿਵ ਚਰਨ ਮਾਥੁਰ ਮੁੱਖ ਮੰਤਰੀ ਰਾਜਸਥਾਨ ਅਤੇ ਭਜਨ ਲਾਲ ਮੁੱਖ ਮੰਤਰੀ ਹਰਿਆਣਾ ਵਿਚਕਾਰ ਹੋਇਆ ਸੀ। ਅਸਲ ਵਿਚ ਇਹ ਹੋਇਆ ਨਹੀਂ ਸੀ, ਬਲਕਿ ਕਰਵਾਇਆ ਗਿਆ ਸੀ। ਇਸ ਉੱਪਰ ਬਾਕਾਇਦਾ ਇਸ ਗੱਲ ਦਾ ਜ਼ਿਕਰ ਵੀ ਸੀ। ਇਸ 'ਤੇ ਲਿਖਿਆ ਸੀ, ਅਸੀਂ ਸਤਿਕਾਰਤ ਪ੍ਰਧਾਨ ਮੰਤਰੀ ਦੇ ਧੰਨਵਾਦੀ ਹਾਂ, ਜਿਨ੍ਹਾਂ ਇਸ ਸਮਝੌਤੇ ਲਈ ਸਲਾਹ ਅਤੇ ਸਾਥ ਦਿੱਤਾ। ਤਿੰਨਾਂ ਮੁੱਖ ਮੰਤਰੀਆਂ ਦੇ ਹਸਤਾਖ਼ਰਾਂ ਥੱਲੇ ਇਸ 'ਤੇ ਬਾਕਾਇਦਾ ਲਿਖਿਆ ਹੋਇਆ ਹੈ 'ਇਨ ਦਾ ਪ੍ਰੈਜ਼ੇਂਸ ਆਫ਼ ਇੰਦਰਾ ਗਾਂਧੀ', ਭਾਵ ਸ੍ਰੀਮਤੀ ਗਾਂਧੀ ਦੀ ਹਾਜ਼ਰੀ ਵਿਚ। ਇਸ ਸਮਝੌਤੇ ਰਾਹੀਂ ਬੜੀ ਕੋਝੀ ਚਾਲ ਚੱਲੀ ਗਈ ਸੀ। ੧੯੭੬ ਦੇ ਇੰਦਰਾ ਐਵਾਰਡ ਰਾਹੀਂ ਵੰਡੇ ਗਏ ਪਾਣੀ ਵਿਚੋਂ ਕਿਸੇ ਵੀ ਸੂਬੇ ਦਾ ਪਾਣੀ ਘਟਾਇਆ ਨਹੀਂ ਗਿਆ ਸੀ। ਉਦਾਹਰਣ ਵਜੋਂ ਹਰਿਆਣਾ ਦਾ ਪਾਣੀ ੩.੫ ਮਿਲੀਅਨ ਏਕੜ ਫ਼ੁੱਟ ਹੀ ਰਹਿਣ ਦਿੱਤਾ ਸੀ। ਕੀਤਾ ਇਹ ਗਿਆ ਸੀ ਕਿ ਪੰਜਾਬ ਦਾ ਕੁੱਲ ਪਾਣੀ ਵੱਧ ਵਿਖਾ ਦਿੱਤਾ ਗਿਆ ਸੀ ਤੇ ਇਹ ਵੱਧ ਪਾਣੀ ਜੋ ਸਿਰਫ਼ ਕਾਗਜ਼ਾਂ ਵਿਚ ਹੀ ਸੀ, ਉਹ ਪੰਜਾਬ ਨੂੰ ਦੇ ਕੇ ਇਕ ਅਹਿਸਾਨ ਜਤਾਇਆ ਜਾ ਰਿਹਾ ਸੀ, ਤੇ ਦਰਬਾਰਾ ਸਿੰਘ ਇਸ ਮਹਾਨ ਕਾਰਜ ਲਈ ਇੰਦਰਾ ਗਾਂਧੀ ਦਾ ਬਹੁਤ ਰਿਣੀ ਸੀ। ਅਸਲ ਵਿਚ ਇਹ ਸਮਝੌਤਾ ਅਦਾਲਤ ਵਿਚੋਂ ਪੰਜਾਬ ਦਾ ਕੇਸ ਵਾਪਸ ਕਰਵਾਉਣ ਦੀ ਇਕ ਚਾਲ ਸੀ।

ਇਸ ਸਮਝੌਤੇ ਅਧੀਨ ਪਾਣੀ ਦੀ ਕੁੱਲ ਵੰਡ ਇਸ ਪ੍ਰਕਾਰ ਕੀਤੀ ਗਈ ਸੀ:

ਰਾਜਸਥਾਨ ੮੬ ਲੱਖ ਏਕੜ ਫ਼ੁੱਟ, ਭਾਵ ੮.੬ ਮਿਲੀਅਨ ਏਕੜ ਫ਼ੁੱਟ; ਪੰਜਾਬ ੪੨.੨ ਲੱਖ ਏਕੜ ਫ਼ੁੱਟ; ਹਰਿਆਣਾ ੩੫ ਲੱਖ ਏਕੜ ਫ਼ੁੱਟ; ਦਿੱਲੀ ੨ ਲੱਖ ਏਕੜ ਫ਼ੁੱਟ ਅਤੇ ਜ਼ੰਮੂ ਕਸ਼ਮੀਰ ੬.੫ ਲੱਖ ਏਕੜ ਫ਼ੁੱਟ।

ਗ਼ੈਰ-ਰਿਪੇਰੀਅਨ ਰਾਜਾਂ ਨੂੰ ਜਾ ਰਹੇ ਨਿਹੱਕੇ ਪਾਣੀ ਨੂੰ ਰੋਕਣ ਬਾਰੇ ਕੋਈ ਗੱਲ ਨਹੀਂ ਸੀ ਹੋ ਰਹੀ। ਉਲ਼ਟਾ 'ਪੰਜਾਬ ਪੁਨਰਗਠਨ ਐਕਟ ੧੯੬੬' ਦੀਆਂ ਧਾਰਾਵਾਂ ੭੮, ੭੯ ਅਤੇ ੮੦ ਰਾਹੀਂ ਪੰਜਾਬ ਨੂੰ ਦਰਿਆਈ ਪਾਣੀਆਂ ਤੋਂ ਪੱਕੇ ਤੌਰ 'ਤੇ ਲਾਂਭੇ ਕਰਨ ਦੇ ਹੱਲ ਲੱਭੇ ਜਾ ਰਹੇ ਸਨ। ੧੯੮੩ ਵਿਚ ਬਠਿੰਡਾ ਤੇ ਫ਼ਰੀਦਕੋਟ ਦੇ ਕੁਝ ਕਿਸਾਨਾਂ ਨੇ ਇਨ੍ਹਾਂ ਧਾਰਾਵਾਂ ਖ਼ਿਲਾਫ਼ ਅਤੇ ਪੰਜਾਬ ਦਾ ਪਾਣੀ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਭੇਜਣ ਖ਼ਿਲਾਫ਼ ਇਕ ਰਿੱਟ ਪਟੀਸ਼ਨ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿਚ ਦਾਖ਼ਲ ਕਰ ਦਿੱਤੀ। ਆਪਣੀ ਕਿਤਾਬ 'ਪਾਲੀਟੀਕਲ ਇਕਾਨਮੀ ਆਫ਼ ਦਾ ਪੰਜਾਬ, ਐਨ ਇਨਸਾਈਡਰਜ਼ ਅਕਾਊਂਟ' ਵਿਚ ਲੇਖਕ ਪ੍ਰੀਤਮ ਸਿੰਘ ਨੇ ਬੜਾ ਦਿਲਚਸਪ ਵਰਨਣ ਕੀਤਾ ਹੈ। ਉਹ ਲਿਖਦੇ ਹਨ ਕਿ ੨੫ ਨਵੰਬਰ ੧੯੮੩ ਨੂੰ ਇਸ ਪਟੀਸ਼ਨ ਨੂੰ ਜਸਟਿਸ ਐਸ.ਐਸ. ਸੰਧਾਵਾਲੀਆ ਨੇ ਸੁਣਵਾਈ ਲਈ ਸਵੀਕਾਰ ਕਰ ਲਿਆ। ੨੫ ਨਵੰਬਰ ਨੂੰ ਸ਼ੁੱਕਰਵਾਰ ਯਾਨੀ ਹਫ਼ਤੇ ਦਾ ਆਖ਼ਰੀ 'ਵਰਕਿੰਗ ਡੇਅ' ਸੀ, ਇਸ ਲਈ ਲਗਾਤਾਰ ਸੁਣਵਾਈ ਅਗਲੇ ਹਫ਼ਤੇ ਦੇ ਪਹਿਲੇ ਦਿਨ ਭਾਵ ਸੋਮਵਾਰ ੨੮ ਨਵੰਬਰ ਨੂੰ ਸ਼ੁਰੂ ਹੋਣੀ ਸੀ, ਪਰ ਇਸ ਦੌਰਾਨ ਦੋ ਦਿਲਚਸਪ ਘਟਨਾਵਾਂ ਵਾਪਰੀਆਂ। ਪਹਿਲੀ ਇਹ ਕਿ 'ਅਟਾਰਨੀ ਜਨਰਲ ਆਫ਼ ਇੰਡੀਆ' ਨੇ ਸੁਪਰੀਮ ਕੋਰਟ ਨੂੰ ਜ਼ਬਾਨੀ ਬੇਨਤੀ ਕੀਤੀ ਕਿ 'ਇਹ ਝਗੜਾ ਇੰਟਰ-ਸਟੇਟ ਹੈ, ਇਸ ਕਰਕੇ ਇਸ ਕੇਸ ਨੂੰ ਹਾਈਕੋਰਟ ਤੋਂ ਸੁਪਰੀਮ ਕੋਰਟ ਤਬਦੀਲ ਕਰ ਲਿਆ ਜਾਵੇ'। ਹਾਈਕੋਰਟ ਨੇ ਓਦੋਂ ਹੀ ਇਸ ਬੇਨਤੀ ਨੂੰ ਸਵੀਕਾਰ ਕਰ ਲਿਆ ਤੇ ਕੇਸ ਨੂੰ ਫ਼ੌਰੀ ਤੌਰ 'ਤੇ ਸੁਪਰੀਮ ਕੋਰਟ ਤਬਦੀਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ, ਜੀਹਦੀ ੧੯੮੩ ਤੋਂ ਅੱਜ ਤੱਕ ਇਕ ਵੀ ਸੁਣਵਾਈ ਨਹੀਂ ਕੀਤੀ ਗਈ।

ਦੂਜੀ ਘਟਨਾ ਇਹ ਵਾਪਰੀ ਕਿ ਜਸਟਿਸ ਐਸ. ਐਸ. ਸੰਧਾਵਾਲੀਆ ਨੂੰ ਵੀ ਪਟਨਾ ਹਾਈਕੋਰਟ ਬਿਹਾਰ 'ਚ ਤਬਦੀਲ ਕਰਨ ਦੇ ਫ਼ੌਰੀ ਹੁਕਮ ਹੋਏ। ਪੰਜਾਬ ਐਂਡ ਹਰਿਆਣਾ ਹਾਈਕੋਰਟ ਦਾ ਰਿਕਾਰਡ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਸਟਿਸ ਐਸ.ਐਸ. ਸੰਧਾਵਾਲੀਆ ਇੱਥੇ ੨੧ ਜੁਲਾਈ ੧੯੭੮ ਤੋਂ ੨੮ ਨਵੰਬਰ ੧੯੮੩ ਤੱਕ ਤਾਇਨਾਤ ਰਹੇ ਸਨ।

ਹਾਲਾਂਕਿ ਸੰਵਿਧਾਨਕ ਤੌਰ 'ਤੇ ਸੁਪਰੀਮ ਕੋਰਟ ਅਜਿਹਾ ਨਹੀਂ ਸੀ ਕਰ ਸਕਦੀ। ਇਸ ਦੇ ਦੋ ਕਾਰਨ ਸਨ, ਇਕ ਤਾਂ ਇਹ ਮਸਲਾ 'ਇੰਟਰ-ਸਟੇਟ' ਨਹੀਂ ਸੀ, ਦੂਜਾ ਇਹ ਮਾਮਲਾ ਕਿਸੇ ਵੀ ਹੋਰ ਅਦਾਲਤ ਵਿਚ ਨਹੀਂ ਸੀ ਚੱਲ ਰਿਹਾ। ਸੁਪਰੀਮ ਕੋਰਟ ਇਕ ਹਾਲਤ ਵਿਚ ਹੀ ਕੇਸ ਤਬਦੀਲ ਕਰਵਾਉਂਦੀ ਹੈ, ਜੇ ਮਾਮਲਾ ਇਕ ਤੋਂ ਵੱਧ ਅਦਾਲਤਾਂ ਵਿਚ ਹੋਵੇ ਤੇ ਆਪਾ ਵਿਰੋਧੀ ਫ਼ੈਸਲੇ ਆ ਜਾਣ ਦੀ ਉਮੀਦ ਹੋਵੇ।

ਕੇਂਦਰ ਸਰਕਾਰ ਸਮੇਂ-ਸਮੇਂ ਐਸ.ਵਾਈ. ਐਲ. ਨੂੰ ਬਣਾਉਣ ਦੇ ਅਲਟੀਮੇਟਮ ਦੇ ਰਹੀ ਸੀ। ਦਸੰਬਰ ੧੯੮੧ ਦੇ ਸਮਝੌਤੇ ਦੇ ਆਧਾਰ 'ਤੇ ਦਸੰਬਰ ੧੯੮੩ ਤੱਕ ਨਹਿਰ ਬਣਾਉਣ ਦੇ ਹੁਕਮ ਕੀਤੇ ਗਏ ਤੇ ਕੁੱਲ ਲਾਗਤ ਖ਼ਰਚਾ ੨੦੪.੩ ਕਰੋੜ ਮਿਥਿਆ ਗਿਆ। ਜਦੋਂ ਧਰਮ ਯੁੱਧ ਮੋਰਚਾ ਜੋਬਨ 'ਤੇ ਸੀ, ਓਦੋਂ ਵੀ ਮੰਗਾਂ ਮੰਨਣ ਦੀ ਥਾਂ ਐਸ.ਵਾਈ.ਐਲ. ਨਹਿਰ ਬਣਾਉਣ ਦੇ ਹੁਕਮ ਹੁੰਦੇ ਰਹੇ। ੧੯੮੪ ਦੇ ਸ਼ੁਰੂ ਵਿਚ ਇਹ ਮਿਆਦ ਵਧਾ ਕੇ ਦਸੰਬਰ ੧੯੮੬ ਕਰ ਦਿੱਤੀ ਗਈ। ਦੂਜੇ ਪਾਸੇ ਪਾਣੀਆਂ ਦੇ ਜਾਏ ਪੰਜਾਬ ਦੇ ਪਾਣੀਆਂ ਸਮੇਤ ਹੋਰਨਾਂ ਹੱਕਾਂ ਦੀ ਰਾਖੀ ਲਈ ਜਾਨ ਤਲੀ 'ਤੇ ਰੱਖੀ ਬੈਠੇ ਸਨ। ਲੀਡਰਸ਼ਿਪ ਅੰਦਰੋਂ ਇਮਾਨਦਾਰ ਨਹੀਂ ਸੀ।

ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਇਤਿਹਾਸ ਤੋਂ ਵੱਡੀ ਘਟਨਾ ਸੀ। ਉੱਪਰੋਂ ਦਿੱਲੀ ਦਾ ਸਿੱਖ ਕਤਲੇਆਮ, ਸਥਿਤੀ ਪਹਿਲਾਂ ਨਾਲੋਂ ਵੀ ਖ਼ਰਾਬ ਹੋ ਗਈ ਸੀ, ਪਰ ਅਕਾਲੀ ਲੀਡਰਸ਼ਿਪ ਸਮਝੌਤੇ ਲਈ ਤਰਲੋਮੱਛੀ ਹੋ ਰਹੀ ਸੀ। ੨੪ ਜੁਲਾਈ ੧੯੮੫ ਨੂੰ ਇਕ ਹੋਰ ਸਮਝੌਤਾ ਕੀਤਾ ਗਿਆ। ਇਸ ਸਮਝੌਤੇ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦੇ ਨਾਮ ਨਾਲ ਜਾਣਿਆ ਗਿਆ। ਇਹ ਸਮਝੌਤਾ ਪੰਜਾਬ ਨਾਲ ਇਕ ਹੋਰ ਵੱਡਾ ਧੋਖਾ ਸੀ। ਸਮਝੌਤੇ ਦੀ ਨੌਂਵੀਂ ਮਦ ਪਾਣੀ ਨਾਲ ਸਬੰਧਤ ਸੀ, ਇਸ ਵਿਚ ਲਿਖਿਆ ਹੋਇਆ ਸੀ:

"੧ ਜੁਲਾਈ ੧੯੮੫ ਤੱਕ ਜਿੰਨਾ ਪਾਣੀ ਪੰਜਾਬ, ਰਾਜਸਥਾਨ ਤੇ ਹਰਿਆਣਾ ਦੇ ਕਿਸਾਨ ਵਰਤਦੇ ਆ ਰਹੇ ਹਨ, ਉਹ ਬਿਨਾਂ ਕਿਸੇ ਬਦਲਾਅ ਦੇ ਵਰਤਦੇ ਰਹਿਣਗੇ। ਪੰਜਾਬ ਤੇ ਹਰਿਆਣਾ ਦਰਮਿਆਨ ਪਾਣੀ ਦਾ ਰੇੜਕਾ ਖ਼ਤਮ ਕਰਨ ਲਈ ਇਕ ਟ੍ਰਿਬਿਊਨਲ ਬਣਾਇਆ ਜਾਵੇਗਾ। ਇਸ ਦੇ ਰਾਹ ਵਿਚ ਆਉਂਦੀਆਂ ਸਾਰੀਆਂ ਸੰਵਿਧਾਨਕ ਅੜਚਨਾਂ ਦੂਰ ਕਰ ਲਈਆਂ ਜਾਣਗੀਆਂ, ਤੇ ੬ ਮਹੀਨਿਆਂ ਦੇ ਅੰਦਰ ਟ੍ਰਿਬਿਊਨਲ ਆਪਣੀ ਰਿਪੋਰਟ ਦੇ ਦੇਵੇਗਾ। ਇਹਦਾ ਮੋਟਾ ਜਿਹਾ ਭਾਵ ਇਹ ਸੀ ਕਿ ਸੰਵਿਧਾਨਕ ਤੌਰ 'ਤੇ ਜੋ ਮਾਲਕੀ ਪੰਜਾਬ ਦੀ ਬਣਦੀ ਹੈ, ਉਹ ਖ਼ਤਮ ਕੀਤੀ ਜਾਣੀ ਸੀ। ਤੀਜੀ ਮਦ ਇਹ ਸੀ ਕਿ ੧੫ ਅਗਸਤ ੧੯੮੬ ਤੱਕ ਸਤਲੁਜ ਯਮੁਨਾ ਲਿੰਕ ਨਹਿਰ ਮੁਕੰਮਲ ਕਰ ਲਈ ਜਾਵੇਗੀ।"

ਛੇਤੀ ਹੀ ਖਾੜਕੂ ਨੌਜਵਾਨਾਂ ਨੇ ਹਰਚੰਦ ਸਿੰਘ ਲੌਂਗੋਵਾਲ ਦਾ ਸ਼ੇਰਪੁਰ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਹ ਘਟਨਾ ਅਸਲ ਵਿਚ ਪੰਜਾਬ ਦੀ ਸਮੂਹਿਕ ਚੇਤਨਾ ਦੀ ਅਵਾਜ਼ ਸੀ ਕਿ 'ਪੰਜਾਬ ਨੂੰ ਇਹ ਸਮਝੌਤਾ ਪ੍ਰਵਾਨ ਨਹੀਂ ਹੈ।'

ਰਾਜੀਵ-ਲੌਂਗੋਵਾਲ ਸਮਝੌਤੇ ਦੀ 'ਟ੍ਰਿਬਿਊਨਲ' ਬਣਾਉਣ ਵਾਲੀ ਮਦ 'ਤੇ ਕੇਂਦਰ ਸਰਕਾਰ ਨੇ ਫ਼ੌਰੀ ਅਮਲ ਕੀਤਾ। ਸੰਵਿਧਾਨਕ ਤੌਰ 'ਤੇ ਟ੍ਰਿਬਿਊਨਲ ਬਣ ਨਹੀਂ ਸੀ ਸਕਦਾ, ਕਿਉਂਕਿ ਪੰਜਾਬ ਦੇ ਪਾਣੀ ਰਾਜਸਥਾਨ, ਹਰਿਆਣਾ ਤੇ ਦਿੱਲੀ ਨਾਲ 'ਇੰਟਰ ਸਟੇਟ' ਨਹੀਂ ਹਨ, ਪਰ ਕਿਉਂਕਿ ਹਰਚੰਦ ਸਿੰਘ ਲੌਂਗੋਵਾਲ ਨੇ ਇਹ ਗੱਲ ਮੰਨ ਲਈ ਸੀ, ਇਸ ਲਈ ਟ੍ਰਿਬਿਊਨਲ ਬਣਾਇਆ ਗਿਆ। ਇਸ ਟ੍ਰਿਬਿਊਨਲ ਨੂੰ ਬਣਾਉਣ ਲਈ ੨੪ ਜਨਵਰੀ ੧੯੮੬ ਨੂੰ 'ਪ੍ਰੈਜ਼ੀਡੈਂਸ਼ੀਅਲ ਆਰਡੀਨੈਂਸ' ਜਾਰੀ ਹੋਇਆ। ਪਹਿਲਾਂ ਇਹ ਇਕ ਮੈਂਬਰੀ ਟ੍ਰਿਬਿਊਨਲ ਹੀ ਸੀ। ਬਾਅਦ ਵਿਚ ਇਸ ਵਿਚ ੨ ਅਪ੍ਰੈਲ ੧੯੮੬ ਨੂੰ ਸੋਧ ਕੀਤੀ ਗਈ। ਭਾਰਤ ਸਰਕਾਰ ਨੇ ਟ੍ਰਿਬਿਊਨਲ ਦਾ ਨਾਮ ਰਾਵੀ-ਬਿਆਸ ਟ੍ਰਿਬਿਊਨਲ ਰੱਖਿਆ, ਪਰ ਬਾਅਦ ਵਿਚ ਇਹ 'ਇਰਾਡੀ ਟ੍ਰਿਬਿਊਨਲ' ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਸ ਟ੍ਰਿਬਿਊਨਲ ਦੇ ਮੁਖੀ ਸੁਪਰੀਮ ਕੋਰਟ ਦੇ ਜੱਜ 'ਜਸਟਿਸ ਵੀ. ਬਾਲਾਕ੍ਰਿਸ਼ਨਾ ਇਰਾਡੀ' ਸਨ। ਉਨ੍ਹਾਂ ਦੇ ਨਾਲ ਦੋ ਹੋਰ ਜੱਜ ਵੀ ਨਿਯੁਕਤ ਕੀਤੇ ਗਏ, ਜਿਨ੍ਹਾਂ ਵਿਚ ਗੁਜਰਾਤ ਹਾਈਕੋਰਟ ਦੇ ਜਸਟਿਸ ਏ.ਐਮ. ਅਹਿਮਦੀ ਅਤੇ ਕੇਰਲਾ ਹਾਈਕੋਰਟ ਦੇ ਜਸਟਿਸ ਪੀ.ਸੀ. ਬਾਲਾਕ੍ਰਿਸ਼ਨਨ ਮੈਨਨ ਸ਼ਾਮਲ ਸਨ। ਇਰਾਡੀ ਟ੍ਰਿਬਿਊਨਲ ਨੇ ਪੰਜਾਬ ਦੇ ਪਾਣੀ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਸੀ। ਉਨ੍ਹਾਂ ਪੰਜਾਬ ਦਾ ਪਾਣੀ ੧੭.੧੭ ਮਿਲੀਅਨ ਏਕੜ ਫੁੱਟ ਦੱਸਿਆ ਸੀ, ਜਦਕਿ ਅਸਲ ਵਿਚ ਇਹ ਪਾਣੀ ੧੪.੫੨ ਮਿਲੀਅਨ ਏਕੜ ਫੁੱਟ ਹੀ ਸੀ। ਇਰਾਡੀ ਟ੍ਰਿਬਿਊਨਲ ਨੇ ਆਪਣੀ ਰਿਪੋਰਟ ੩੦ ਜਨਵਰੀ ੧੯੮੭ ਨੂੰ ਤਿਆਰ ਕੀਤੀ ਅਤੇ ੨੦ ਮਈ ਨੂੰ ਇਹ ਰਿਪੋਰਟ ਸਬੰਧਤ ਰਾਜਾਂ ਪੰਜਾਬ, ਹਰਿਆਣਾ ਤੇ ਰਾਜਸਥਾਨ ਸਰਕਾਰਾਂ ਨੂੰ ਭੇਜੀ ਗਈ। ਟ੍ਰਿਬਿਊਨਲ ਨੇ ਹਰਿਆਣਾ ਦਾ ਹਿੱਸਾ ੩.੫ ਮਿਲੀਅਨ ਏਕੜ ਫੁੱਟ ਤੋਂ ਵਧਾ ਕੇ ੩.੮੩ ਕਰਨ ਅਤੇ ਪੰਜਾਬ ਦਾ ਹਿੱਸਾ ੪.੨੨ ਮਿਲੀਅਨ ਏਕੜ ਫੁੱਟ ਤੋਂ ਵਧਾ ਕੇ ੫.੦ ਮਿਲੀਅਨ ਏਕੜ ਫੁੱਟ ਕਰਨ ਦੀ ਸਿਫ਼ਾਰਿਸ਼ ਕੀਤੀ ਸੀ, ਪਰ ਅਸਲ ਵਿਚ ਧਰਾਤਲ 'ਤੇ ਏਨਾ ਵੰਡਣਯੋਗ ਪਾਣੀ ਮੌਜੂਦ ਨਹੀਂ ਸੀ। ਇਰਾਡੀ ਟ੍ਰਿਬਿਊਨਲ ਦੀਆਂ ਸਿਫ਼ਾਰਿਸ਼ਾਂ ਨੂੰ ਲਾਗੂ ਨਹੀਂ ਕੀਤਾ ਗਿਆ।

ਕੇਂਦਰ ਸਰਕਾਰ ਫੇਰ ਵੀ ਸਤਲੁਜ ਯਮੁਨਾ ਲਿੰਕ ਨਹਿਰ ਨੂੰ ਬਣਵਾਉਣ ਲਈ ਬਜ਼ਿੱਦ ਸੀ। ਦਸੰਬਰ ੧੯੮੬ ਦੀਆਂ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਐਲਾਨ ਕੀਤਾ ਸੀ ਕਿ ਦਸੰਬਰ ੧੯੮੭ ਤੱਕ ਸਤਲੁਜ ਯਮੁਨਾ ਲਿੰਕ ਨਹਿਰ ਨੂੰ ਮੁਕੰਮਲ ਕਰ ਦਿੱਤਾ ਜਾਵੇਗਾ।

ਕੇਂਦਰ ਸਰਕਾਰ ਨੇ ਜ਼ੋਰ ਜ਼ਬਰਦਸਤੀ ਨਾਲ ੧੯੯੦ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਸੀ। ਪੰਜਾਬ ਵਿਚ ਖਾੜਕੂ ਲਹਿਰ ਉਨ੍ਹੀਂ ਦਿਨੀਂ ਪੂਰੇ ਜੋਬਨ 'ਤੇ ਸੀ। ਖਾੜਕੂਆਂ ਨੇ ਸਰਕਾਰ ਨੂੰ ਨਹਿਰ ਦੀ ਉਸਾਰੀ ਰੋਕਣ ਲਈ ਕੁਝ ਅਲਟੀਮੇਟਮ ਵੀ ਦਿੱਤੇ, ਪਰ ਸਰਕਾਰ ਨੇ ਇਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਖ਼ੀਰ ਬੱਬਰ ਖ਼ਾਲਸਾ ਦੇ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਕੁਝ ਹੋਰ ਖਾੜਕੂ ਸਿੰਘਾਂ ਨੇ ੨੩ ਜੁਲਾਈ ੧੯੯੦ ਨੂੰ ਬੰਦੂਕ ਦੀ ਨੋਕ ਨਾਲ ਇਸ ਉਸਾਰੀ ਨੂੰ ਰੋਕ ਦਿੱਤਾ।

ਦੁਬਾਰਾ ਇਸ ਉਸਾਰੀ ਦੀ ਤਕਰੀਬਨ ਇਕ ਦਹਾਕੇ ਤੱਕ ਕੋਈ ਖ਼ਾਸ ਗੱਲ ਨਹੀਂ ਹੋਈ। ਪਹਿਲਾਂ ੧੫ ਜਨਵਰੀ ੨੦੦੨ ਅਤੇ ਫਿਰ ੪ ਜੂਨ ੨੦੦੪ ਵਿਚ ਸੁਪਰੀਮ ਕੋਰਟ ਨੇ ਦੋ ਵਾਰ ਇਸ ਨਹਿਰ ਨੂੰ ਬਣਾਏ ਜਾਣ ਦੇ ਹੁਕਮ ਜਾਰੀ ਕੀਤੇ।

੪ ਜੂਨ ੨੦੦੪ ਦੇ ਹੁਕਮਾਂ ਵਿਚ ਸੁਪਰੀਮ ਕੋਰਟ ਨੇ ਮੁੱਖ ਰੂਪ ਵਿਚ ਇਹ ਆਖਿਆ ਕਿ ਅੱਜ ਤੋਂ ਇਕ ਮਹੀਨੇ ਦੇ ਵਿਚ-ਵਿਚ ਕੇਂਦਰ ਸਰਕਾਰ ਕਿਸੇ ਕੇਂਦਰੀ ਏਜੰਸੀ ਰਾਹੀਂ ਪੰਜਾਬ ਕੋਲੋਂ ਨਹਿਰ ਉਸਾਰੀ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਲਵੇ। ਦੂਜਾ, ਪੰਜਾਬ ੨ ਹਫ਼ਤਿਆਂ 'ਤੇ ਅੰਦਰ-ਅੰਦਰ ਉਸਾਰੀ ਦਾ ਕੰਮ ਕੇਂਦਰ ਸਰਕਾਰ ਦੇ ਸਪੁਰਦ ਕਰ ਦੇਵੇ। ਤੀਜਾ, ਕੇਂਦਰ ਤੇ ਪੰਜਾਬ ਸਰਕਾਰਾਂ ਕੇਂਦਰੀ ਏਜੰਸੀ ਦੇ ਕਰਮਚਾਰੀਆਂ ਨੂੰ ਢੁੱਕਵੀਂ ਸੁਰੱਖਿਆ ਮੁਹੱਈਆ ਕਰਵਾਉਣ।

ਇਹ ਸ਼ਾਇਦ ਇਸ ਕਰਕੇ ਕਿਹਾ ਗਿਆ ਸੀ ਕਿ ੧੯੯੦ ਵਿਚ ਨਹਿਰ ਦੀ ਉਸਾਰੀ ਦਾ ਕੰਮ ਬੰਦੂਕ ਦੀ ਨਾਲੀ ਦੇ ਜ਼ੋਰ ਨਾਲ ਰੋਕ ਦਿੱਤਾ ਗਿਆ ਸੀ। ਪੰਜਾਬ ਲਈ ਇਹ ਬਹੁਤ ਵੱਡਾ ਝਟਕਾ ਸੀ। ਸੁਪਰੀਮ ਕੋਰਟ ਦਾ ਫ਼ੈਸਲਾ ਭਾਵੇਂ ੨੦੦੨ ਵਿਚ ਵੀ ਆਇਆ ਸੀ, ਪਰ ਇਸ ਵਾਰ ਵਧੇਰੇ ਸਖ਼ਤੀ ਨਾਲ ਨਿਰਦੇਸ਼ ਦਿੱਤੇ ਗਏ ਸਨ। ਕੇਂਦਰ ਸਰਕਾਰ ਨੂੰ ਉਸਾਰੀ ਨਿਬੇੜਨ ਦਾ ਹੁਕਮ ਕਰ ਦਿੱਤਾ ਗਿਆ ਸੀ। ਪੰਜਾਬ ਵਿਚ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਇਹ ਇਕ ਵੱਡਾ ਵਿਧਾਨਕ ਸੰਕਟ ਸਰਕਾਰ ਸਾਹਮਣੇ ਆ ਗਿਆ ਸੀ। ਅਖ਼ੀਰ ਸਰਕਾਰ ਨੇ ਇਕ ਵੱਡਾ ਫ਼ੈਸਲਾ ਵੀ ਲਿਆ। ਇਹ ਫ਼ੈਸਲਾ ਕੇਂਦਰ ਦੀ ਕਾਂਗਰਸ ਸਰਕਾਰ ਦੀ ਨਰਾਜ਼ਗੀ ਦੀ ਕੀਮਤ ’ਤੇ ਲਿਆ ਗਿਆ ਸੀ। ੧੨ ਜੁਲਾਈ ੨੦੦੪ ਨੂੰ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਇਕ ਕਾਨੂੰਨ ਪਾਸ ਕਰ ਦਿੱਤਾ। ਇਹ ਸੀ ‘ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ’ ਭਾਵ ‘ਪੰਜਾਬ ਸਮਝੌਤਿਆਂ ਦਾ ਖ਼ਾਤਮਾ ਕਨੂੰਨ।’ ਇਸ ਐਕਟ ਅਧੀਨ ਰਾਵੀ-ਬਿਆਸ ਦੇ ਪਾਣੀਆਂ ਦੀ ਵੰਡ ਨਾਲ ਸਬੰਧਤ ਦਸੰਬਰ ੧੯੮੧ ਦੇ ਸਮਝੌਤੇ ਸਮੇਤ ਅਤੇ ਉਸ ਤੋਂ ਬਾਅਦ ਹੋਏ ਸਾਰੇ ਸਮਝੌਤੇ ਰੱਦ ਕਰ ਦਿੱਤੇ ਗਏ। ਇਨ੍ਹਾਂ ਵਿਚ ਰਾਜੀਵ-ਲੌਂਗੋਵਾਲ ਸਮਝੌਤਾ ਵੀ ਸ਼ਾਮਲ ਸੀ। ਇਹ ਐਕਟ ੨੨ ਜੁਲਾਈ ੨੦੦੪ ਨੂੰ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਧਾਰਾ ੧੪੩ ਅਧੀਨ ‘ਪ੍ਰੈਜ਼ੀਡੈਂਸ਼ੀਅਲ ਰੈਫ਼ਰੈਂਸ’ ਬਣਾ ਕੇ ਸੁਪਰੀਮ ਕੋਰਟ ਦੀ ਰਾਏ ਜਾਣਨ ਲਈ ਭੇਜਿਆ, ਤਾਂ ਜੋ ਇਹ ਜਾਣਿਆ ਜਾ ਸਕੇ ਕਿ ਇਸ ਐਕਟ ਦੀ ਕੀ ਅਹਿਮੀਅਤ ਹੈ ?

ਇਸ ਐਕਟ ਨਾਲ ਵਕਤੀ ਤੌਰ ’ਤੇ ਸਤਲੁਜ ਯਮੁਨਾ ਲਿੰਕ ਨਹਿਰ ਦਾ ਨਿਰਮਾਣ ਤਾਂ ਰੁਕ ਗਿਆ, ਪਰ ਐਕਟ ਦੀ ਧਾਰਾ ਪੰਜ ਅਧੀਨ ਪਹਿਲਾਂ ਤੋਂ ਜਾ ਰਹੇ ਨਾਜਾਇਜ਼ ਪਾਣੀ ਨੂੰ ਜਾਇਜ਼ ਮੰਨ ਲਿਆ ਗਿਆ। ਧਾਰਾ ਪੰਜ ਅਧੀਨ ਇਹ ਦਰਜ ਕਰ ਦਿੱਤਾ ਗਿਆ ਕਿ ਜੋ ਪਾਣੀ ਅੱਜ ਤੱਕ ਜਾ ਰਿਹਾ ਹੈ, ਉਸ ਨਾਲ ਕੋਈ ਵੀ ਛੇੜਛਾੜ ਨਹੀਂ ਕੀਤੀ ਜਾਵੇਗੀ। ਉਹ ਉਸੇ ਤਰ੍ਹਾਂ ਜਾਂਦਾ ਰਹੇਗਾ, ਜਦਕਿ ਇਸ ਤੋਂ ਪਹਿਲਾਂ ਕਦੇ ਵੀ ਪੰਜਾਬ ਨੇ ਵਿਧਾਨਕ ਤੌਰ ’ਤੇ ਦਰਿਆਈ ਪਾਣੀਆਂ ਬਾਰੇ ਇਹ ਗੱਲ ਕਬੂਲ ਨਹੀਂ ਕੀਤੀ ਸੀ। ਇਹ ਇਕ ਬਹੁਤ ਵੱਡੀ ਵਿਧਾਨਕ ਤਰੁੱਟੀ ਸੀ, ਬਾਅਦ ਦੀਆਂ ਸਰਕਾਰਾਂ ਇਸ ਵਾਅਦੇ ਨਾਲ ਸੱਤਾ ਵਿਚ ਆਈਆਂ ਕਿ ਉਹ ਇਸ ਐਕਟ ਦੀ ਧਾਰਾ ਪੰਜ ਨੂੰ ਰੱਦ ਕਰ ਦੇਣਗੇ, ਪਰ ਅਜਿਹਾ ਨਹੀਂ ਕੀਤਾ ਗਿਆ।

ਸਮੇਂ ਨਾਲ ਖਾੜਕੂ ਲਹਿਰ ਸ਼ਾਂਤ ਹੋ ਗਈ ਸੀ। ਪੰਜਾਬ ਦੇ ਤਕਰੀਬਨ ਹਰ ਚੋਣ ਮੈਨੀਫੈਸਟੋ ਵਿਚ ‘ਦਰਿਆਈ ਪਾਣੀਆਂ ਦੇ ਮਸਲੇ’ ਦਾ ਜ਼ਿਕਰ ਹੋਣ ਦੇ ਬਾਵਜੂਦ ਕਿਸੇ ਵੀ ਪਾਰਟੀ ਨੇ ਇਸ ਮਸਲੇ ਦੇ ਸਥਾਈ ਹੱਲ ਅਤੇ ਪਹਿਲਾਂ ਤੋਂ ਹੀ ਜਾ ਰਹੇ ਪਾਣੀ ਨੂੰ ਰੋਕਣ ਜਾਂ ਇਵਜ਼ਾਨਾ ਵਸੂਲ ਕਰਨ ਬਾਰੇ ਕੋਈ ਸਟੈਂਡ ਨਹੀਂ ਲਿਆ। ਜਦੋਂ ਵੀ ਪਾਣੀਆਂ ਦੇ ਮਸਲੇ ਦੀ ਗੱਲ ਚੱਲਦੀ ਹੈ, ਤਾਂ ਸਾਰਾ ਧਿਆਨ ਐਸ.ਵਾਈ.ਐਲ. ਨਹਿਰ ਦੁਆਲੇ ਹੀ ਕੇਂਦਰਿਤ ਹੋ ਕੇ ਰਹਿ ਜਾਂਦਾ ਹੈ। ਰਾਜਸਥਾਨ ਫੀਡਰ ਅਤੇ ਭਾਖੜਾ ਰਾਹੀਂ ਰਾਜਸਥਾਨ ਨੂੰ ੧੯੫੫ ਤੋਂ ਜਾ ਰਹੇ ੮੬ ਲੱਖ ਏਕੜ ਫੁੱਟ ਪਾਣੀ ਨੂੰ ਭੁੱਲ-ਭੁਲਾ ਦਿੱਤਾ ਗਿਆ ਹੈ। ਨਾ ਹੀ ਭਾਖੜਾ ਦੀ ਨਰਵਾਣਾ ਬਰਾਂਚ ਰਾਹੀਂ ਤੇ ਭਾਖੜਾ ਮੇਨ ਕੈਨਾਲ ਰਾਹੀਂ ਹਰਿਆਣੇ ਨੂੰ ਜਾ ਰਹੇ ਤਕਰੀਬਨ ੫੯ ਲੱਖ ਏਕੜ ਪਾਣੀ ਦਾ ਕੋਈ ਜ਼ਿਕਰ ਹੈ। ਇਹ ਪਾਣੀ ਵੀ ਦਹਾਕਿਆਂ ਤੋਂ ਇਸੇ ਤਰ੍ਹਾਂ ਜਾ ਰਿਹਾ ਹੈ।

ਇਕ ਪਾਸੇ ਸਿਆਸਤਦਾਨ ‘ਇਕ ਬੂੰਦ ਨਹੀਂ ਜਾਣ ਦੇਵਾਂਗੇ’ ਦੇ ਨਾਹਰੇ ਲਗਾ ਰਹੇ ਹਨ। ਇਹ ਨਾਹਰੇ ਇਸੇ ਤਰ੍ਹਾਂ ਦਹਾਕਿਆਂ ਤੋਂ ਲੱਗ ਰਹੇ ਹਨ ਤੇ ਪੰਜਾਬ ਦਾ ਤਕਰੀਬਨ ਅੱਧਾ ਪਾਣੀ ੧੫੦ ਲੱਖ ਏਕੜ ਫੁੱਟ ਦੇ ਕਰੀਬ ਵੀ ਦਹਾਕਿਆਂ ਤੋਂ ਇਸੇ ਤਰ੍ਹਾਂ ਹੀ ਜਾ ਰਿਹਾ ਹੈ। ‘ਜਾਨ ਵਾਰ ਦਿਆਂਗੇ, ਪਰ ਬੂੰਦ ਨਹੀਂ ਦੇਵਾਂਗੇ’ ਦੇ ਰੌਲੇ-ਰੱਪੇ ਵਿਚ ਮੈਨੂੰ ਇਸ ਬਾਰੇ ਬੜੀ ਦਿਲਚਸਪ ਗੱਲ ਪਤਾ ਲੱਗੀ ਹੈ। ਇਹ ਖ਼ੁਲਾਸਾ ੭ ਅਪ੍ਰੈਲ ੨੦੧੫ ਦੇ ‘ਦ ਟ੍ਰਿਬਿਊਨ’ ਅਖ਼ਬਾਰ ਦੀ ਇਕ ‘ਕਵਰ ਸਟੋਰੀ’ ਰਾਹੀਂ ਹੋਇਆ ਹੈ। ਇਸ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਭਾਖੜਾ ਮੇਨ ਕੈਨਾਲ ਰਾਹੀਂ ਪਾਣੀ ਲੈਂਦੀ ‘ਬਰਵਾਲਾ ਲਿੰਕ ਕੈਨਾਲ’, ਜੋ ਹੁਣ ਤਕਰੀਬਨ ੧੦੦੦ ਕਿਊਸਿਕ ਫੁੱਟ ਪਾਣੀ ਲੈਂਦੀ ਹੈ, ਉਸ ਵਿਚ ੧੪੫੦ ਕਿਊਸਿਕ ਫੁੱਟ ਪਾਣੀ ਦੇਣਾ ਸ਼ੁਰੂ ਕੀਤਾ ਜਾਵੇਗਾ। ਇਹ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਸਿੰਚਾਈ ਵਿਭਾਗ, ਖਨੌਰੀ ਤੇ ਸੰਗਰੂਰ ਕੋਲ ਤਕਰੀਬਨ ੭ ਕਿਲੋਮੀਟਰ ਤੱਕ ਭਾਖੜਾ ਦੇ ਕੰਢਿਆਂ ਨੂੰ ਡੇਢ ਫੁੱਟ ਹੋਰ ਉੱਚਾ ਕਰ ਰਿਹਾ ਹੈ, ਤਾਂ ਜੋ ਇਹ ਪਾਣੀ ਵਿਚ ਸਮਾ ਸਕੇ। ਇਸ ਕੰਮ ਲਈ ਹਰਿਆਣੇ ਵਲੋਂ ੩ ਕਰੋੜ ੭੦ ਲੱਖ ਰੁਪਈਆ ਦਿੱਤੇ ਜਾਣ ਦੀ ਗੱਲ ਵੀ ਕਹੀ ਗਈ ਹੈ। ੪੫੦ ਕਿਊਸਿਕ ਫੁੱਟ ਵੱਧ ਪਾਣੀ ਦੇਣ ਦੀ ਤਾਰੀਖ਼ ੧ ਮਈ ਦੱਸੀ ਗਈ ਹੈ। ਇਹ ਅਖ਼ਬਾਰ ਦਾ ਦਾਅਵਾ ਹੈ, ਕਈ ਕੋਸ਼ਿਸ਼ਾਂ ਦੇ ਬਾਵਜੂਦ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ।

ਸਤਲੁਜ ਯਮੁਨਾ ਲਿੰਕ ਨਹਿਰ ਦਾ ਮਸਲਾ ਅਜੇ ਸੁਲਝਿਆ ਨਹੀਂ ਸੀ ਕਿ ਹਰਿਆਣਾ ਸਰਕਾਰ ਨੇ ੨੦੦੫ ਵਿਚ ‘ਹਾਂਸੀ-ਬੁਟਾਣਾ’ ਨਾਮ ਦੀ ਇਕ ਨਵੀਂ ਨਹਿਰ ਰਾਹੀਂ ਹੋਰ ਰੇੜਕਾ ਖੜ੍ਹਾ ਕਰ ਦਿੱਤਾ। ਭਾਖੜਾ ਨਹਿਰ ਵਿਚੋਂ ਸਮਾਣੇ ਨੇੜਿਓਂ ਕੱਢੀ ਜਾ ਰਹੀ ਇਸ ਨਹਿਰ ਨੂੰ ਤਤਕਾਲੀ ਹਰਿਆਣਵੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਰਾਜ ਦੀ ਜੀਵਨ ਰੇਖਾ ਦੱਸਿਆ ਸੀ। ਇਹ ਨਹਿਰ ਜਿੱਥੇ ਗ਼ੈਰ-ਕਾਨੂੰਨੀ ਤਰੀਕੇ ਨਾਲ ਕੱਢੀ ਜਾ ਰਹੀ ਹੈ, ਓਥੇ ਗ਼ੈਰ ਕੁਦਰਤੀ ਵੀ, ਨਹਿਰ ਦਾ ਵਹਾਅ ਕੁਦਰਤੀ ਵਹਾਅ ਦੇ ਉਲਟ ਹੈ। ਇਸ ਨਹਿਰ ਦੇ ਨਾਲ ਹਰਿਆਣਾ ਵਲੋਂ ਇਕ ਕੰਧ ਦੀ ਉਸਾਰੀ ਵੀ ਕੀਤੀ ਜਾ ਰਹੀ ਹੈ, ਜਿਸ ਕਾਰਨ ਸਮਾਣੇ ਨੇੜਲੇ ਇਲਾਕੇ ਦੇ ਕਰੀਬ ੭੦ ਪਿੰਡਾਂ ਦੀ ਸੁਰੱਖਿਆ ਨੂੰ ਭਾਰੀ ਖ਼ਤਰਾ ਪੈਦਾ ਹੋ ਗਿਆ। ਇਨ੍ਹਾਂ ਪਿੰਡਾਂ ਦੇ ਹੜ੍ਹਾਂ ਦੇ ਪਾਣੀ ਵਿਚ ਡੁੱਬ ਜਾਣ ਦਾ ਖ਼ਤਰਾ ਪ੍ਰਗਟਾਇਆ ਜਾ ਰਿਹਾ ਹੈ। ੧੦੯ ਕਿਲੋਮੀਟਰ ਲੰਬੀ ਅਤੇ ੩੯੨ ਕਰੋੜ ਦੀ ਲਾਗਤ ਨਾਲ ਬਣ ਰਹੀ ਇਹ ਨਹਿਰ ਬਿਲਕੁਲ ਗ਼ੈਰ-ਕਾਨੂੰਨੀ ਤਰੀਕੇ ਨਾਲ ਬਣਾਈ ਜਾ ਰਹੀ ਹੈ। ਇਸ ਨਹਿਰ ਦੀ ਉਸਾਰੀ ਲਗਭਗ ਮੁਕੰਮਲ ਕਰ ਲਈ ਹੈ। ਇਸ ਨਹਿਰ ਵਿਚ ੧੬ ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ ਲਿਜਾਇਆ ਜਾ ਸਕਦਾ ਹੈ। ਕੇਂਦਰੀ ਜਲ ਕਮਿਸ਼ਨ ਨੇ ਪੱਖਪਾਤੀ ਰਵੱਈਆ ਅਪਣਾਉਂਦਿਆਂ ਇਸ ਨਹਿਰ ਦੀ ਉਸਾਰੀ ਲਈ ਹਰਿਆਣਾ ਸਰਕਾਰ ਦਾ ਪੱਖ ਪੂਰਿਆ ਹੈ। ਇਸ ਨਹਿਰ ਦੇ ਨਾਲ ਜੋ ਕੰਧ ਉਸਾਰੀ ਜਾ ਰਹੀ ਹੈ, ਉਹ ਘੱਗਰ ਦਰਿਆ ਦੇ ਬਰਸਾਤੀ ਪਾਣੀ ਦੇ ਨਿਕਾਸ ਵਿਚ ਇਕ ਵੱਡੀ ਰੁਕਾਵਟ ਹੈ। ਮਾਹਿਰਾਂ ਅਨੁਸਾਰ ਇਸ ਕਾਰਨ ਇਲਾਕੇ ਦੇ ਤਕਰੀਬਨ ੭੦ ਪਿੰਡਾਂ ਦੇ ਇਕ ਲੱਖ ਲੋਕ ਪ੍ਰਭਾਵਿਤ ਹੋਣਗੇ। ਫ਼ਿਲਹਾਲ ਕੰਧ ਦੀ ਉਸਾਰੀ ਤੇ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਹੈ।

ਹਰਿਆਣਾ ਸਰਕਾਰ ਇਹ ਤਰਕ ਦੇ ਰਹੀ ਹੈ ਕਿ ਓਹ ਨਰਵਾਣਾ ਬਰਾਂਚ ਵਿਚਲਾ ਆਪਣਾ ਅਣਵਰਤਿਆ ਪਾਣੀ ਹਾਂਸੀ-ਬੁਟਾਣਾ ਨਹਿਰ ਰਾਹੀਂ ਲੈਣਾ ਚਾਹੁੰਦੀ ਹੈ, ਤਾਂ ਜੋ ਦੱਖਣੀ ਹਰਿਆਣਾ ਦੀ ਸਿੰਚਾਈ ਕੀਤੀ ਜਾ ਸਕੇ। ਇਹ ਇਕ ਸ਼ਬਦਾਂ ਦਾ ਜਾਲ ਹੈ, ਜੋ ਪੰਜਾਬ ਨੂੰ ਉਲਝਾਉਣ ਲਈ ਬੁਣਿਆ ਜਾ ਰਿਹਾ ਹੈ। ਇਸ ਨਹਿਰ ਬਾਰੇ ੫ ਅਗਸਤ ੨੦੧੧ ਨੂੰ ਸੁਪਰੀਮ ਕੋਰਟ ਵਿਚ ਚੱਲੀ ਸੁਣਵਾਈ ਦੌਰਾਨ ਦੋ ਦਿਲਚਸਪ ਗੱਲਾਂ ਵੀ ਹੋਈਆਂ। ਹਰਿਆਣਾ ਦੇ ਵਕੀਲਾਂ ਨੇ ਪੰਜਾਬ ਵਲੋਂ ‘ਹਾਂਸੀ-ਬੁਟਾਣਾ ਨਹਿਰ’ ਨਾਲ ਲੱਗਦੀ ਕੰਧ ਨੂੰ ਰੋਕਣ ਲਈ ਸੁਪਰੀਮ ਕੋਰਟ ਆਉਣਾ ਗ਼ੈਰ-ਵਿਧਾਨਕ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹੇ ਮਸਲੇ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਵਿਚ ਨਹੀਂ

ਆਉਂਦੇ। ਪੰਜਾਬ ਕੇਂਦਰ ਕੋਲ ਸ਼ਿਕਾਇਤ ਕਰੇ ਤੇ ਕੇਂਦਰ ਟ੍ਰਿਬਿਊਨਲ ਰਾਹੀਂ ਮਸਲੇ ਦਾ ਹੱਲ ਕਰੇ। ਇਸ 'ਤੇ ਟਿੱਪਣੀ ਕਰਦਿਆਂ ਪੰਜਾਬ ਦੇ ਵਕੀਲ 'ਹਰੀਸ਼ ਸਾਲਵੇ' ਨੇ ਹਰਿਆਣਾ ਦੇ ਵਕੀਲਾਂ ਨੂੰ ਵਿਚੋਂ ਟੋਕਦਿਆਂ ਕਿਹਾ ਕਿ ਉਹ ਚੇਤੇ ਕਰੇ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ਵਿਚ ਹਰਿਆਣਾ ਨੇ ਹੀ ਪੰਜਾਬ ਖ਼ਿਲਾਫ਼ ਕੇਸ ਪਾਇਆ ਸੀ ਅਤੇ ਹੁਣ ਉਹ ਕਹਿ ਰਿਹਾ ਹੈ ਕਿ ਨਦੀ ਜਲ ਵਿਵਾਦ ਮਾਮਲੇ ਦੀ ਸੁਣਵਾਈ ਕਰਨ ਦਾ ਅਧਿਕਾਰ ਸੁਪਰੀਮ ਕੋਰਟ ਕੋਲ ਨਹੀਂ ਹੈ। ਦੂਜੀ ਗੱਲ ਹੋਈ ਕਿ ਜਦੋਂ ਪੱਤਰਕਾਰਾਂ ਨੇ ਇਸ ਸਮੁੱਚੇ ਮਾਮਲੇ 'ਤੇ ਕੇਂਦਰ ਦੇ ਸਟੈਂਡ ਬਾਰੇ ਪੁੱਛਿਆ, ਤਾਂ ਕੇਂਦਰੀ ਨੁਮਾਇੰਦੇ ਸ੍ਰੀ ਰਾਵਲ ਨੇ ਕਿਹਾ, 'ਸਾਡਾ ਸਟੈਂਡ ਇਹ ਹੈ ਕਿ ਅਸੀਂ ਕੋਈ ਸਟੈਂਡ ਨਹੀਂ ਲਿਆ।'

ਪੰਜਾਬ ਦੇ ਦਰਿਆਈ ਪਾਣੀਆਂ 'ਤੇ ਪੱਕੇ ਤੌਰ 'ਤੇ ਕਾਬਜ਼ ਹੋਣ ਦੀ ਕੋਸ਼ਿਸ਼ ੨੦੧੧ ਵਿਚ ਵੀ ਹੋਈ, ਜਦੋਂ ਮਨਮੋਹਨ ਸਿੰਘ ਸਰਕਾਰ ਦੁਆਰਾ 'ਕੁਦਰਤੀ ਸਰੋਤਾਂ ਦੇ ਖ਼ਾਤਮੇ ਦੀ ਜਾਂਚ ਲਈ ਬਣਾਏ ਇਕ ਪੈਨਲ ਦੇ ਮੁਖੀ ਅਸ਼ੋਕ ਚਾਵਲਾ ਨੇ ਪਾਣੀ ਨੂੰ ਸੰਵਿਧਾਨ ਦੀ ਰਾਜ ਸੂਚੀ ਵਿਚੋਂ ਕੱਢ ਕੇ ਸਮਵਰਤੀ ਸੂਚੀ' ਵਿਚ ਪਾਉਣ ਦੀ ਸਿਫ਼ਾਰਿਸ਼ ਕੀਤੀ। ਅਜਿਹਾ ਹੋਣ ਨਾਲ ਕੇਂਦਰ ਨੂੰ ਵੀ ਪਾਣੀਆਂ ਬਾਰੇ ਕੋਈ ਵੀ ਫ਼ੈਸਲਾ ਕਰਨ ਦਾ ਹੱਕ ਮਿਲ ਜਾਣਾ ਸੀ। ਪੰਜਾਬ ਸਰਕਾਰ ਨੇ ਅਜਿਹੀ ਸਿਫ਼ਾਰਸ਼ ਦਾ ਕੋਈ ਵੀ ਵਿਰੋਧ ਨਹੀਂ ਕੀਤਾ।

ਪੰਜਾਬ ਸਰਕਾਰ ਨੇ ਦਹਾਕਿਆਂ ਪਹਿਲਾਂ 'ਦਸਮੇਸ਼ ਨਹਿਰ' ਬਣਾਉਣ ਦਾ ਐਲਾਨ ਕੀਤਾ ਸੀ। ਇਸ ਨਹਿਰ ਰਾਹੀਂ ਰੋਪੜ, ਮੋਹਾਲੀ, ਫ਼ਤਹਿਗੜ੍ਹ ਸਾਹਿਬ ਤੇ ਪਟਿਆਲਾ ਇਲਾਕੇ ਦੇ ਕਿਸਾਨਾਂ ਨੂੰ ਸਿੰਚਾਈ ਲਈ ਪਾਣੀ ਪਹੁੰਚਾਇਆ ਜਾਣਾ ਸੀ। ਅੱਜ ਤੱਕ ਪਤਾ ਨਹੀਂ ਲੱਗ ਸਕਿਆ ਕਿ ਇਸ ਨਹਿਰ ਦਾ ਕੀ ਬਣਿਆ। ਜੇ ਪੰਜਾਬ ਦੀਆਂ ਸਰਕਾਰਾਂ ਪੰਜਾਬ ਦੇ ਲੋਕਾਂ ਪ੍ਰਤੀ ਸੁਹਿਰਦ ਹੁੰਦੀਆਂ, ਤਾਂ ਹੁਣ ਤੱਕ ਟਿਊਬਵੈਲਾਂ ਤੋਂ ਕਿਸਾਨ ਦੀ ਨਿਰਭਰਤਾ ਖ਼ਤਮ ਕਰ ਦਿੰਦੀਆਂ। ਪੰਜਾਬ ਦੀ ਕਿਸੇ ਵੀ ਸਿਆਸੀ ਧਿਰ ਨੇ ਪਿਛਲੇ ਸਮੇਂ ਦੌਰਾਨ ਹੋਰਨਾਂ ਸੂਬਿਆਂ ਵਲੋਂ ਲਏ ਵਿਧਾਨਕ ਪੈਂਤੜਿਆਂ ਤੋਂ ਕੋਈ ਸਬਕ ਨਹੀਂ ਲਿਆ। ਆਪਣੀ ਗੱਲ ਦੀ ਦਲੀਲ ਲਈ ਮੈਂ ਇੱਥੇ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਚਾਹਾਂਗਾ।

ਪਹਿਲਾ ਇਹ ਕਿ 'ਨਰਮਦਾ ਵਾਟਰ ਡਿਸਪਿਊਟ ਟ੍ਰਿਬਿਊਨਲ' ਦਾ ੨੩ ਫ਼ਰਵਰੀ ੧੯੭੨ ਨੂੰ ਇਕ ਫ਼ੈਸਲਾ ਆਇਆ ਸੀ। ਇਹ ਟ੍ਰਿਬਿਊਨਲ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਂਰਾਸ਼ਟਰ ਵਿਚਕਾਰ ਨਰਮਦਾ ਨਦੀ ਦੇ ਪਾਣੀ ਨੂੰ ਲੈ ਕੇ ਹੋਏ ਝਗੜੇ ਦੇ ਹੱਲ ਲਈ ਬਣਾਇਆ ਗਿਆ ਸੀ। ਪੰਜਾਬ ਦੇ ਰਿਪੇਰੀਅਨ ਹੱਕਾਂ ਨੂੰ ਸਮਝਣ ਲਈ ਇਹ ਫ਼ੈਸਲਾ ਬਹੁਤ ਮਹੱਤਵਪੂਰਨ ਹੈ। ਇਸ ਫ਼ੈਸਲੇ ਵਿਚ ਸਪੱਸ਼ਟ ਤੌਰ 'ਤੇ ਲਿਖਿਆ ਹੋਇਆ ਹੈ ਕਿ 'ਰਾਜਸਥਾਨ ਨਰਮਦਾ ਨਦੀ ਦੇ ਪਾਣੀ ਦੇ ਕਿਸੇ ਵੀ ਹਿੱਸੇ ਤੇ ਕੋਈ ਹੱਕ ਨਹੀਂ ਰੱਖਦਾ, ਕਿਉਂਕਿ ਇਹ ਰਿਪੇਰੀਅਨ ਸੂਬਾ ਨਹੀਂ ਹੈ।'

ਇਸ ਫ਼ੈਸਲੇ ਨੂੰ ਆਧਾਰ ਬਣਾ ਕੇ ਪੰਜਾਬ ਦੇ ਰਿਪੇਰੀਅਨ ਹੱਕਾਂ ਦੀ ਰਾਖੀ ਲਈ ਨਿੱਗਰ ਕਦਮ ਪੁੱਟਣ ਦੀ ਲੋੜ ਸੀ।

ਦੂਜਾ ਨੁਕਤਾ ਇਹ ਹੈ ਕਿ ਹਿਮਾਚਲ ਪ੍ਰਦੇਸ਼ ਨੇ ਭਾਖੜਾ ਡੈਮ ਪ੍ਰੋਜੈਕਟ ਵਿਚੋਂ ਆਪਣੇ ਹਿੱਸੇ ਦੀ ਬਿਜਲੀ ਦੀ ਮਾਤਰਾ ਵਧਾਉਣ ਅਤੇ ੧੯੬੬ ਤੋਂ ਹੁਣ ਤੱਕ ਮਿਲੀ ਘੱਟ ਬਿਜਲੀ ਦੀ ਰਾਇਲਟੀ ਲੈਣ ਲਈ ਇਕ ਕੇਸ ਅਦਾਲਤ ਵਿਚ ਕੀਤਾ ਹੋਇਆ ਸੀ। ੨੭ ਸਤੰਬਰ ੨੦੧੧ ਨੂੰ ਇਸ ਕੇਸ ਦਾ ਜੋ ਫ਼ੈਸਲਾ ਆਇਆ, ਉਹ ਕਾਫ਼ੀ ਦਿਲਚਸਪ ਸੀ। ਹੁਣ ਤੱਕ ਭਾਖੜਾ ਨੰਗਲ ਬਿਆਸ ਪ੍ਰੋਜੈਕਟ 'ਤੇ ਪੈਦਾ ਹੋ ਰਹੀ ਬਿਜਲੀ ਵਿਚ ਹਿਮਾਚਲ ਪ੍ਰਦੇਸ਼ ਦਾ ਹਿੱਸਾ ੨.੫ ਪ੍ਰਤੀਸ਼ਤ ਸੀ, ਰਾਜਸਥਾਨ ਦਾ ੧੫.੨੨, ਪੰਜਾਬ ਦਾ ੫੪.੫, ਹਰਿਆਣੇ ਦਾ ੩੯.੫ ਤੇ ਚੰਡੀਗੜ੍ਹ ਦਾ ੩.੫ ਪ੍ਰਤੀਸ਼ਤ ਹਿੱਸਾ ਸੀ। ਅਦਾਲਤ ਨੇ ਹਿਮਾਚਲ ਪ੍ਰਦੇਸ਼ ਦੀ ਅਪੀਲ ਨੂੰ ਜਾਇਜ਼ ਮੰਨਦਿਆਂ ੩੮ ਪੇਜ਼ਾਂ ਦੀ ਇਕ ਲੰਬੀ ਜੱਜਮੈਂਟ ਦਿੱਤੀ। ਇਸ ਵਿਚ ਹਿਮਾਚਲ ਪ੍ਰਦੇਸ਼ ਦਾ ਹਿੱਸਾ ਵਧਾ ਕੇ ੭.੧੯ ਪ੍ਰਤੀਸ਼ਤ ਕਰ ਦਿੱਤਾ ਗਿਆ ਸੀ। ਇਹ ਹਿੱਸਾ ਪੰਜਾਬ ਤੇ ਹਰਿਆਣਾ ਦੇ ਹਿੱਸੇ ਵਿਚੋਂ ਕੱਟ ਕੇ ਵਧਾਇਆ ਗਿਆ ਸੀ। ਦਿਲਚਸਪ ਗੱਲ ਇਹ ਸੀ ਕਿ ਇਹ ਹਿੱਸਾ ੧੯੬੬ ਤੋਂ ਲਾਗੂ ਕੀਤਾ ਗਿਆ ਸੀ। ਇਸ ਫ਼ੈਸਲੇ ਵਿਚ ਬਾਕਾਇਦਾ ਇਸ ਗੱਲ ਦਾ ਜ਼ਿਕਰ ਸੀ ਕਿ 'ਡੇ ਵਨ' ਭਾਵ ਪਹਿਲੇ ਦਿਨ ਤੋਂ ਲਾਗੂ ਸਮਝਿਆ ਜਾਵੇ। ਦੂਜਾ ਮਸਲਾ ਹੁਣ ਤੱਕ ਘੱਟ ਮਿਲੀ ਬਿਜਲੀ ਦਾ ਇਵਜ਼ਾਨਾ ਲੈਣ ਦਾ ਸੀ। ਇਸ ਲਈ ਹਿਮਾਚਲ ਪ੍ਰਦੇਸ਼ ਨੇ ੧੯੬੬ ਤੋਂ ਹੁਣ ਤੱਕ ਮਿਲੀ ਘੱਟ ਬਿਜਲੀ ਦੀ ਕੀਮਤ ੪੨੪੯ ਕਰੋੜ ਮਿਥੀ ਸੀ, ਤੇ ਇਹ ਪੈਸਾ ਪੰਜਾਬ ਅਤੇ ਹਰਿਆਣਾ ਤੋਂ ਵਸੂਲ ਕਰਨ ਬਾਰੇ ਅਪੀਲ ਕੀਤੀ ਸੀ। ਇਸ ਦਾਅਵੇ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਦੇ ਜਸਟਿਸ ਏ.ਕੇ. ਪਟਨਾਇਕ ਅਤੇ ਐਮ.ਵਾਈ. ਇਕਵਾਲ ਦੇ ਬੈਂਚ ਅੱਗੇ ਇਕ ਹਲਫ਼ਨਾਮਾ ਦਾਇਰ ਕਰਕੇ ਕਿਹਾ ਕਿ ਵੱਧ ਬਿਜਲੀ ਵਰਤਣ ਕਰਕੇ ਪੰਜਾਬ ਅਤੇ ਹਰਿਆਣਾ, ਹਿਮਾਚਲ ਨੂੰ ੧੪੯੮ ਕਰੋੜ ਰੁਪਏ ਰਾਇਲਟੀ ਵਜੋਂ ਦੇਣ, ਜੇ ਉਹ ਏਨੀ ਵੱਡੀ ਰਕਮ ਨਹੀਂ ਤਾਰ ਸਕਦੇ, ਤਾਂ ਆਉਣ ਵਾਲੇ ੩੦ ਸਾਲ ਤੱਕ ਹਿਮਾਚਲ ਨੂੰ ਵੱਧ ਬਿਜਲੀ ਮੁਹੱਈਆ ਕਰਵਾਉਣ। ਇਸ ਵੱਧ ਬਿਜਲੀ ਦਾ ਜ਼ਿਕਰ ਜੱਜਮੈਂਟ ਵਿਚ ਵੀ ਮਿਲਦਾ ਹੈ। ਜੱਜਮੈਂਟ ਦੀ ਕਾਪੀ ਮੇਰੇ ਕੋਲ ਮੌਜੂਦ ਹੈ। ਇਸ ਵਿਚ ਵੱਧ ਬਿਜਲੀ ਵਜੋਂ ੧੨% ਦਾ ਜ਼ਿਕਰ ਹੈ। ਇਸ ਮਸਲੇ ਬਾਰੇ ਜ਼ਿਆਦਾ ਸਮਝ ਰੱਖਣ ਵਾਲੇ ਪਾਣੀ ਮਾਹਰ ਤੇ ਕਾਨੂੰਨਦਾਨ ਇਸ ਨੂੰ ਬਿਹਤਰ ਸਮਝ ਸਕਦੇ ਹਨ।

ਇਸ ਫ਼ੈਸਲੇ ਅਤੇ ਕੇਂਦਰ ਸਰਕਾਰ ਦੇ ਇਸ ਕੇਸ ਵਿਚਲੇ ਰਵੱਈਏ ਤੋਂ ਸਿੱਖਿਆ ਲੈਂਦੇ ਹੋਏ ਪੰਜਾਬ ਨੂੰ ਵੀ ਆਪਣੇ ਦਰਿਆਈ ਪਾਣੀਆ ਦਾ ਇਵਜ਼ਾਨਾ ਲੈਣ ਲਈ ਕਾਨੂੰਨੀ ਦਾਅ-ਪੇਚ ਅਪਣਾਉਣੇ ਚਾਹੀਦੇ ਹਨ। ਇਹ ਬਹੁਤ ਜ਼ਰੂਰੀ ਹੈ, ਕਿਉਂਕਿ ਪੰਜਾਬ ਸਿਰ ਲਗਭਗ ਸਵਾ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ। ਜੇ ਇਹ ਇਵਜ਼ਾਨਾ ਮਿਲ ਜਾਂਦਾ ਹੈ, ਤਾਂ ਪੰਜਾਬ ਕੋਲ ਇਹ ਸਾਰਾ ਕਰਜ਼ਾ ਚੁਕਾ ਕੇ ਵੀ ਪੈਸਾ ਬਚ ਸਕਦਾ ਹੈ।

ਪਾਣੀਆਂ ਦੇ ਅੰਤਰਰਾਜੀ ਮਾਮਲਿਆਂ ਦੇ ਮਾਹਰ ਸ. ਪ੍ਰੀਤਮ ਸਿੰਘ ਕੁਮੇਦਾਨ ਦਾ ਕਹਿਣਾ ਹੈ ਕਿ 'ਸੈਂਟਰਲ ਵਾਟਰ ਐਂਡ ਪਾਵਰ ਕਮਿਸ਼ਨ' ਵਲੋਂ ਪਿੱਛੇ ਜਿਹੇ ਜਾਰੀ ਪ੍ਰੈਸ ਨੋਟ ਵਿਚ ਦੱਸਿਆ ਗਿਆ ਕਿ ਮਾਧੋਪੁਰ ਹੈੱਡ ਵਰਕਸ 'ਤੇ ਬਣੇ ਲੋਹੇ ਦੇ ਗੇਟ ਪੁਰਾਣੇ ਹੋਣ ਕਾਰਨ ਹਰ ਰੋਜ਼ ੧੦੦ ਕਿਊਸਕ ਪਾਣੀ ਅਜਾਈਂ ਜਾ ਰਿਹਾ ਹੈ। ਕਮਿਸ਼ਨ ਨੇ ਇਸ ੧੦੦ ਕਿਊਸਕ ਰੋਜ਼ਾਨਾ ਪਾਣੀ ਦੀ ਸਾਲਾਨਾ ਕੀਮਤ ੧੦੦ ਕਰੋੜ ਰੁਪਏ ਗਿਣੀ ਹੈ।

ਇਸੇ ਨੂੰ ਆਧਾਰ ਬਣਾ ਕੇ ਸ. ਕੁਮੇਦਾਨ ਕਹਿੰਦੇ ਹਨ ਕਿ ਪੰਜਾਬ ਰਾਜਸਥਾਨ ਨੂੰ ਹਰ ਸਾਲ ਇਕ ਕਰੋੜ ਏਕੜ ਫੁੱਟ ਭਾਵ ੫੦ ਲੱਖ ਕਿਊਸਕ ਪਾਣੀ ਦੇ ਰਿਹਾ ਹੈ, ਜਿਸ ਦੀ ਸਾਲਾਨਾ ਕੀਮਤ ੧੪ ਹਜ਼ਾਰ ਕਰੋੜ ਰੁਪਏ ਬਣਦੀ ਹੈ ਅਤੇ ਜੇ ੪੦ ਸਾਲਾਂ ਦਾ ਹਿਸਾਬ ਲਾਇਆ ਜਾਵੇ, ਤਾਂ ਇਹ ਰਕਮ ੫ ਲੱਖ ੬੦ ਹਜ਼ਾਰ ਕਰੋੜ ਰੁਪਏ ਬਣ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਕਹਿਣਾ ਹੈ ਕਿ ਰਾਜਸਥਾਨ ਨੂੰ ਜਾਂਦੇ ਪਾਣੀ ਕਾਰਨ ਪੰਜਾਬ ਵਿਚ ਪੈਦਾ ਹੋਈ ਘਾਟ ਦੇ ਸਿੱਟੇ ਵਜੋਂ ਪੰਜਾਬ ਅੰਦਰ ੧੩ ਲੱਖ ਬਿਜਲੀ ਅਤੇ ਡੀਜ਼ਲ ਨਾਲ ਚੱਲਣ ਵਾਲੇ ਪੰਪਾਂ ਨਾਲ ਲਗਭਗ ੨.੫੦ ਕਰੋੜ ਏਕੜ ਫੁੱਟ ਪਾਣੀ ਜ਼ਮੀਨ ਹੇਠੋਂ ਕੱਢਿਆ ਜਾ ਰਿਹਾ ਹੈ। ਇਸ ਤਰ੍ਹਾਂ ਰਾਜਸਥਾਨ ਨੂੰ ਜਾਂਦੇ ਪਾਣੀ ਕਰਕੇ ਹੀ ਪੰਜਾਬ ਨੂੰ ੮੦ ਹਜ਼ਾਰ ਕਰੋੜ ਰੁਪਏ ਦਾ ਹੁਣ ਤੱਕ ਨੁਕਸਾਨ ਹੋਇਆ ਹੈ। ਉਨ੍ਹਾਂ ਦਾ ਕਹਿਣਾ

ਹੈ ਕਿ ਜੇ ਇਹੀ ਬਿਜਲੀ, ਪਾਣੀ ਦੀ ਜਗ੍ਹਾ 'ਤੇ ਸਨਅਤਾਂ ਲਈ ਬਾਲੀ ਜਾਂਦੀ, ਤਾਂ ਪੰਜਾਬ ਇਕ ਵੱਡਾ ਸਨਅਤੀ ਸੂਬਾ ਬਣ ਚੁੱਕਾ ਹੁੰਦਾ।

ਪਾਣੀ ਦੀ ਅਹਿਮੀਅਤ ਨੂੰ ਪਛਾਨਣਾ ਪਵੇਗਾ। ਡਾਕਟਰ ਐਮ.ਐਸ. ਰੰਧਾਵਾ ਨੇ ਇਕ ਲੇਖ ਲਿਖਦਿਆਂ ਖ਼ਬਰਦਾਰ ਕੀਤਾ ਸੀ ਕਿ 'ਉਹ ਕੌਮਾਂ, ਜਿਹੜੀਆਂ ਪਾਣੀ ਨੂੰ ਸੰਕੋਚ ਨਾਲ ਨਹੀਂ ਵਰਤਦੀਆਂ, ਉਨ੍ਹਾਂ ਦੀ ਤਹਿਜ਼ੀਬ ਮਿਟ ਗਈ ਹੈ। ਲੋਕਾਂ ਨੂੰ ਹਿਜ਼ਰਤ ਕਰਨੀ ਪਈ ਹੈ ਤੇ ਮੁਲਕ ਰੇਗਿਸਤਾਨ ਬਣ ਗਏ ਹਨ।'

ਕਦੇ-ਕਦੇ ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਪੰਜਾਬ ਦੇ ਪਾਣੀਆਂ ਦਾ ਮਸਲਾ ਇਕੱਲਾ ਸਿੱਖਾਂ ਦਾ ਮਸਲਾ ਹੀ ਹੋਵੇ। ਅਜਿਹਾ ਤਾਂ ਲੱਗਦਾ ਹੈ ਕਿ ਪੰਜਾਬ ਦਾ ਹੋਰ ਕੋਈ ਵੀ ਭਾਈਚਾਰਾ ਕਦੇ ਵੀ ਇਸ ਮਸਲੇ ਬਾਰੇ ਗੱਲ ਨਹੀਂ ਕਰਦਾ। ਜਦੋਂ ਕਦੇ ਵੀ ਪੰਜਾਬੀਆਂ ਨੇ ਆਪਣੇ ਹੱਕਾਂ ਦੀ ਗੱਲ ਕੀਤੀ, ਤਾਂ ਪੰਜਾਬ ਇਕ 'ਬਾਰਡਰ ਸਟੇਟ' ਆਖ ਕੇ ਅਤੇ ਵੱਖਵਾਦ ਦਾ ਡਰਾਵਾ ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ ਰਿਹਾ। ਕੀ ਕੋਈ ਦੱਸ ਸਕਦਾ ਹੈ ਕਿ ਪਾਣੀਆਂ ਦੇ ਮਸਲੇ ਦੀ ਕਿਹੜੀ ਗੱਲ ਵਿਚੋਂ ਵੱਖਵਾਦ ਦਾ ਝਲਕਾਰਾ ਪੈਂਦਾ ਹੈ?

ਕੀ ਤੁਹਾਨੂੰ ਪਤਾ ਹੈ ਕਿ ਅੱਜ ਪੰਜਾਬ ਕਿਸ ਮੋੜ ਉੱਤੇ ਖੜ੍ਹਾ ਹੈ? ਕੀ ਪੰਜਾਂ ਦਰਿਆਵਾਂ ਦੀ ਧਰਤੀ ਦਾ ਪੰਜ-ਆਬ ਤੋਂ ਬੇ-ਆਬ ਹੋਣ ਤੱਕ ਦਾ ਸਫ਼ਰ ਸਾਨੂੰ ਮਨਜ਼ੂਰ ਹੈ?

ਦੋਸਤੋ ਅੰਕੜੇ ਬਹੁਤ ਗੰਭੀਰ ਹਨ, ਤੇ ਇਨ੍ਹਾਂ ਅੰਕੜਿਆਂ ਤੋਂ ਵੀ ਜ਼ਿਆਦਾ ਗੰਭੀਰ ਹੈ ਸਾਡਾ ਅਵੇਸਲਾਪਣ। ਅਸਲੀਅਤ ਇਹ ਹੈ ਕਿ ਹਰੀ ਕ੍ਰਾਂਤੀ ਨੇ ਪੰਜਾਬ ਅਤੇ ਪੰਜਾਬ ਦੇ ਛੋਟੇ ਕਿਸਾਨ ਨੂੰ ਮਧੋਲ ਕੇ ਰੱਖ ਦਿੱਤਾ ਹੈ।

੧) ਖੇਤੀ ਵਿਰਾਸਤ ਮਿਸ਼ਨ ਦੇ ਅੰਕੜਿਆਂ ਮੁਤਾਬਕ ਪੰਜਾਬ ਦੇ ਕੁੱਲ ੧੨੪੨੩ ਪਿੰਡਾਂ ਵਿਚੋਂ ੧੧੯੦੪ ਪਿੰਡਾਂ ਵਿਚ ਪੀਣ ਵਾਲਾ ਪਾਣੀ ਖ਼ਰਾਬ ਹੈ, ਇਹ ਅੰਕੜਾ ੨੦੦੪ ਦਾ ਹੈ। ਜਦਕਿ ੧੯੬੦ ਵਿਚ ੩੭੧੨ ਪਿੰਡਾਂ ਦਾ ਪਾਣੀ ਖ਼ਰਾਬ ਸੀ।

੨) ੨੦੦੪ ਦੇ ਅੰਕੜਿਆਂ ਮੁਤਾਬਕ ਪੰਜਾਬ ਦੇ ਕੁੱਲ ੧੩੮ ਬਲਾਕਾਂ ਵਿਚੋਂ ੧੧੨ ਬਲਾਕਾਂ ਦਾ ਪਾਣੀ ਖ਼ਰਾਬ ਹੋ ਚੁੱਕਿਆ ਹੈ, ਜਿਨ੍ਹਾਂ ਵਿਚੋਂ ੧੦੩ ਬਲਾਕ ਪੂਰੀ ਤਰ੍ਹਾਂ ਖ਼ਰਾਬ ਹੋ ਗਏ ਹਨ, ਜਦਕਿ ੧੯੮੪ ਵਿਚ ਖ਼ਰਾਬ ਬਲਾਕਾਂ ਦੀ ਗਿਣਤੀ ੫੩ ਸੀ।

੩) ਹੁਣ ਪੰਜਾਬ ਵਿਚ ਤਕਰੀਬਨ ੧੪ ਲੱਖ ਟਿਊਬਵੈਲ ਹਨ, ਜੋ ਅੰਨ੍ਹੇਵਾਹ ਧਰਤੀ ਦਾ ਪਾਣੀ ਕੱਢੀ ਜਾ ਰਹੇ ਹਨ। ੧੯੭੦ ਵਿਚ ਇਹ ਸੰਖਿਆ ੧ ਲੱਖ ੯੨,੦੦੦ ਸੀ।

੪) ਪੰਜਾਬ ਵਿਚ ੧੯੬੦-੬੧ ਵਿਚ ੬੨੪ ਹਜ਼ਾਰ ਟਨ ਕੀਟਨਾਸ਼ਕਾਂ ਦੀ ਖਪਤ ਹੁੰਦੀ ਸੀ, ਜਦਕਿ ੨੦੦੪-੦੫ ਵਿਚ ਇਹ ਮਾਤਰਾ ਤਕਰੀਬਨ ੧੦ ਗੁਣਾ ਵੱਧ ਕੇ ੬੪੯੦ ਹਜ਼ਾਰ ਟਨ ਹੋ ਗਈ ਹੈ।

੫) ੧੯੫੦-੫੧ ਵਿਚ ਕੀਟਨਾਸ਼ਕ ਸਪਰੇਅ ਪੰਪਾਂ ਦੀ ਗਿਣਤੀ ਤਕਰੀਬਨ ੨੦੦੦ ਸੀ। ੨੦੦੪-੦੫ ਵਿਚ ਇਹ ਵੱਧ ਕੇ ਤਕਰੀਬਨ ਛੇ ਲੱਖ ਤੱਕ ਪਹੁੰਚ ਚੁੱਕੀ ਸੀ।

੬) ਕੈਂਸਰ, ਕਾਲਾ ਪੀਲੀਆ, ਸਰੀਰਕ ਜਮਾਂਦਰੂ ਨੁਕਸ ਵਰਗੇ ਕੇਸ ਲਗਾਤਾਰ ਵੱਧ ਰਹੇ ਹਨ। ਸਭ ਤੋਂ ਦੁੱਖ ਭਰੀ ਗੱਲ ਇਹ ਹੈ ਕਿ ਸਰਕਾਰ ਵਲੋਂ ਪਾਬੰਦੀਸ਼ੁਦਾ ਕੀਟਨਾਸ਼ਕ, ਜਿਨ੍ਹਾਂ ਵਿਚ ਬੀ.ਐਚ.ਸੀ. ਤੇ ਡੀ.ਡੀ.ਟੀ. ਸ਼ਾਮਲ ਹਨ, ਦੇ ਟਰੇਸਜ਼ ਮਾਂਵਾਂ ਦੇ ਦੁੱਧ ਵਿਚੋਂ ਮਿਲੇ ਹਨ। ਮਾਂਵਾਂ ਦਾ ਇਹ ਦੁੱਧ 'ਹੈਲਥ ਆਰਗੇਨਾਈਜ਼ੇਸ਼ਨ' ਵਲੋਂ ਆਮ ਰੁਟੀਨ ਚੈਕਅੱਪ ਲਈ ਲਿਆ ਗਿਆ ਸੀ।

ਇਹ ਅੰਕੜੇ ਤਾਂ ਸਿਹਤ ਨਾਲ ਸਬੰਧਤ ਸਨ। ਜੇ ਤੁਹਾਨੂੰ ਲੱਗਦਾ ਹੈ ਕਿ ਹਰੀ ਕ੍ਰਾਂਤੀ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਇਆ ਹੈ, ਇਹ ਸ਼ੱਕ ਵੀ ਕੱਢ ਲੈਣਾ ਚਾਹੀਦਾ ਹੈ:

੧) ਇਕਨਾਮਿਕ ਐਂਡ ਪੌਲੀਟੀਕਲ ਵੀਕਲੀ ਦੀ ਜੂਨ ੨੦੧੪ ਦੀ ਰਿਪੋਰਟ ਮੁਤਾਬਕ ਸੰਨ ੨੦੦੦ ਤੋਂ ੨੦੧੧ ਤੱਕ ਪੰਜਾਬ ਦੇ ੩੫੦੭ ਕਿਸਾਨ ਆਤਮ-ਹੱਤਿਆ ਕਰ ਚੁੱਕੇ ਹਨ, ਹਾਲਾਂਕਿ ਅਸਲ ਤੱਥ ਇਸ ਤੋਂ ਹੋਰ ਵੀ ਵਧੇਰੇ ਹੋ ਸਕਦੇ ਹਨ।

੨) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਇਕ ਰਿਪੋਰਟ ਵਿਚ ਆਖਿਆ ਹੈ ਕਿ ਪਾਣੀ ਦੀ ਕਮੀ ਕਾਰਨ ਕਿਸਾਨਾਂ ਨੇ ੬੦੪ ਕਰੋੜ ਦਾ ਡੀਜ਼ਲ ਤੇ ੮੦੦ ਕਰੋੜ ਰੁਪਏ ਟਿਊਬਵੈਲਾਂ ਨੂੰ ਡੂੰਘੇ ਕਰਨ ਲਈ ਖ਼ਰਚ ਦਿੱਤੇ ਹਨ।

ਖੇਤੀਬਾੜੀ ਵਿਰਾਸਤ ਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ:

੧) ਭਾਰਤ ਦੇ ਔਸਤ ੪੩ ਪ੍ਰਤੀਸ਼ਤ ਕਿਸਾਨ ਕਰਜ਼ੇ ਹੇਠ ਹਨ, ਪੰਜਾਬ ਵਿਚ ਇਹ ਔਸਤ ੫੩ ਪ੍ਰਤੀਸ਼ਤ ਹੈ।

੨) ਪੰਜਾਬ ਦੇ ਕਿਸਾਨਾਂ ਸਿਰ ਦਸ ਹਜ਼ਾਰ ਕਰੋੜ ਤੋਂ ਵੱਧ ਦਾ ਕਰਜ਼ਾ ਹੈ।

੩) ਪੰਜਾਬ ਦੇ ੬੫ ਪ੍ਰਤੀਸ਼ਤ ਕਿਸਾਨ ਔਸਤ ੪੧,੫੭੬ ਰੁਪਏ ਕਰਜ਼ੇ ਹੇਠ ਹਨ, ਜਦਕਿ ਰਾਸ਼ਟਰੀ ਔਸਤ ੧੨,੫੮੫ ਹੈ।

੪) ਪੰਜਾਬ ਕੋਲ ਦੇਸ਼ ਦੀ ਡੇਢ ਪ੍ਰਤੀਸ਼ਤ ਧਰਤੀ ਹੈ, ਤੇ ਢਾਈ ਪ੍ਰਤੀਸ਼ਤ ਖੇਤੀਯੋਗ ਜ਼ਮੀਨ ਹੈ। ਪੰਜਾਬ ਦਾ ਕਿਸਾਨ ਦੇਸ਼ ਦੀ ੬੦ ਪ੍ਰਤੀਸ਼ਤ ਕਣਕ ਤੇ ੪੦ ਪ੍ਰਤੀਸ਼ਤ ਝੋਨਾ ਪੈਦਾ ਕਰਦਾ ਹੈ।

੫) ਖੇਤੀ ਲਈ ਕੁੱਲ ਵਰਤੇ ਜਾਣ ਵਾਲੇ ਪਾਣੀ ਦਾ ੭੦% ਹਿੱਸਾ ਝੋਨਾ ਡਕਾਰ ਜਾਂਦਾ ਹੈ। ੧ ਕਿੱਲੋ ਚੌਲ ਪੈਦਾ ਕਰਨ ਲਈ ੨੭੦੮ ਲੀਟਰ ਪਾਣੀ ਦੀ ਜ਼ਰੂਰਤ ਹੈ। ਇਹ ਅੰਕੜਾ ਨਾਸਾ ਵਲੋਂ ਜਾਰੀ ਕੀਤਾ ਗਿਆ ਹੈ, ਜਦਕਿ ਉੜੀਸਾ ਖੇਤੀਬਾੜੀ ਯੂਨੀਵਰਸਿਟੀ ਇਹ ਅੰਕੜਾ ੫੦੦੦ ਲੀਟਰ ਦੱਸਦੀ ਹੈ। ਪੰਜਾਬ ਨਾਲ ਸਬੰਧਤ ਹੋਰ ਰਿਪੋਰਟਾਂ ੪੦੦੦ ਲੀਟਰ ਦੱਸਦੀਆਂ ਹਨ। ਕੀ ਇਹ ਸੌਦਾ ਲਾਹੇਵੰਦਾ ਹੈ? ਉਹ ਵੀ ਓਦੋਂ, ਜਦੋਂ ੧ ਲੀਟਰ ਸ਼ੁੱਧ ਪਾਣੀ ਦੀ ਬੋਤਲ ਤਕਰੀਬਨ ੧੨ ਰੁਪਏ ਦੀ ਮਿਲਦੀ ਹੋਵੇ ਤੇ ੧ ਕਿੱਲੋ ਚੌਲਾਂ ਦੀ ਕੀਮਤ ਵੀ ੧੨ ਰੁਪਏ ਹੀ ਹੋਵੇ। ੧ ਕਿੱਲੋ ਚੌਲਾਂ ਦੀ ਪੈਦਾਵਾਰ ਲਈ ੨੭੦੦ ਲੀਟਰ ਪਾਣੀ ਦੀ ਖਪਤ, ਇਹ ਕਿੰਨਾ ਕੁ ਜਾਇਜ਼ ਹੈ। ਇਹ ਵੀ ਇਕ ਤੱਥ ਹੈ ਝੋਨਾ ਪੰਜਾਬ ਦੀ ਫ਼ਸਲ ਵੀ ਨਹੀਂ ਹੈ, ਇਸ ਦੀ ਪੈਦਾਵਾਰ ਨੇ ਪੰਜਾਬ ਨੂੰ ਪਾਣੀ ਪੱਖੋਂ ਕੰਗਾਲ ਕਰ ਦੇਣਾ ਹੈ।

ਲਗਾਤਾਰ ਤੇ ਅੰਨ੍ਹੇਵਾਹ ਹੋ ਰਹੀ ਭਾਰੀ ਮਸ਼ੀਨਰੀ ਦੀ ਵਰਤੋਂ ਨੇ ਧਰਤੀ ਦੇ ਉੱਪਰੀ ਭਾਗ ਨੂੰ ਪੂਰੀ ਤਰ੍ਹਾਂ ਪ੍ਰੈੱਸ ਕਰ ਦਿੱਤਾ ਹੈ। ਉੱਪਰੀ ਤਹਿ ਤੋਂ ਛੇ ਇੰਚ ਥੱਲੇ ੬ ਤੋਂ ੨੪ ਇੰਚ ਤੱਕ ਇਕ ਮੋਟੀ ਤਹਿ ਜੰਮ ਗਈ ਹੈ, ਜੋ ਮੀਂਹ ਦਾ ਪਾਣੀ ਧਰਤੀ ਵਿਚ ਰੀਚਾਰਜ ਨਹੀਂ ਹੋਣ ਦੇ ਰਹੀ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਜਾ ਰਿਹਾ ਹੈ ਅਤੇ ਪਾਣੀ ਖ਼ਰਾਬ ਵੀ ਹੋ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਇਸ ਨਵੀਂ ਸਮੱਸਿਆ ਨਾਲ ਸਿੱਝਣ ਲਈ ਤਹਿ-ਤੋੜ ਹੱਲ ਵਰਤਣ ਦੀ ਸਲਾਹ ਦਿੱਤੀ ਹੈ।

ਆਮ ਹੱਲ ਤਕਰੀਬਨ ੬ ਤੋਂ ੧੨ ਇੰਚ ਤੱਕ ਹੀ ਗੁਡਾਈ ਕਰਦਾ ਹੈ, ਤਹਿ-ਤੋੜ ਹੱਲ ਤਕਰੀਬਨ ੨ ਫੁੱਟ ਤੱਕ ਗੁਡਾਈ ਕਰਦਾ ਹੈ। ਮਾਹਰਾਂ ਨੇ ਹਰ ੩-੪ ਸਾਲ ਬਾਅਦ ਇਕ ਵਾਰ ਤਹਿ-ਤੋੜ ਹੱਲ ਵਰਤਣ ਦਾ ਸੁਝਾਅ ਦਿੱਤਾ ਹੈ, ਤਾਂ ਜੋ ਮੀਂਹ ਦਾ ਪਾਣੀ ਧਰਤੀ ਵਿਚ ਸਮਾ ਸਕੇ। ਸਮੱਸਿਆਵਾਂ ਇਕ ਨਹੀਂ, ਬਲਕਿ ਬਹੁਤ ਸਾਰੀਆਂ ਸਮੱਸਿਆਵਾਂ ਹਨ। ਕੁਝ ਸਰਕਾਰੀ ਹਨ ਤੇ ਕੁਝ ਸਮਾਜਿਕ। ਇਨ੍ਹਾਂ ਦਾ ਹੱਲ ਅਸੀਂ ਰਲ-ਮਿਲ ਕੇ ਲੱਭਣਾ ਹੈ, ਤਾਂ ਜੋ ਪੰਜਾਂ ਦਰਿਆਵਾਂ ਦੀ ਧਰਤੀ 'ਦੇਸ਼-ਪੰਜਾਬ' ਨੂੰ ਬਚਾਇਆ ਜਾ ਸਕੇ। ਗੁਰਾਂ ਦੇ ਨਾਮ 'ਤੇ ਵੱਸਣ ਵਾਲੇ ਗੁਰਾਂ ਦੇ ਪੰਜਾਬ ਨੂੰ ਗੁਰੂ ਸਾਹਿਬ ਅਸੀਸ ਬਖ਼ਸ਼ਣ।

**(ਸਮਾਪਤ)**

# ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ

**ਪ੍ਰੋ. ਸੂਬਾ ਸਿੰਘ**

ਸਿੱਖ ਵਿਚਾਰਧਾਰਾ ਨੂੰ ਸਮਝਣ ਲਈ ਸਾਡੇ ਕੋਲ ਦੋ ਸੋਮੇ ਹਨ। ਪਹਿਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਦੂਸਰਾ ਹੈ ਸਿੱਖ ਇਤਿਹਾਸ। ਜਿੰਨੀ ਦੇਰ ਕੋਈ ਵੀ ਬੁੱਧੀਜੀਵੀ ਜਾਂ ਜਨ-ਸਾਧਾਰਨ ਇਨ੍ਹਾਂ ਦੋਹਾਂ ਸੋਮਿਆਂ ਤੋਂ ਭਲੀ ਪ੍ਰਕਾਰ ਜਾਣੂ ਨਹੀਂ ਹੁੰਦਾ, ਓਨੀ ਦੇਰ ਉਹ ਗੁਰਮਤਿ ਵਿਚਾਰਧਾਰਾ ਨੂੰ ਸਮਝਣ ਦੇ ਅਸਮਰੱਥ ਰਹਿੰਦਾ ਹੈ। ਗੁਰਬਾਣੀ ਅਤੇ ਇਤਿਹਾਸ ਦੇ ਸੁਮੇਲ ਰਾਹੀਂ ਹੀ ਸਿੱਖੀ ਦੀ ਸਹੀ ਤਸਵੀਰ ਸਾਡੇ ਸਾਹਮਣੇ ਨਿੱਖਰ ਕੇ ਆਉਂਦੀ ਹੈ।

ਕੀ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਣਾਉਣਾ ਠੀਕ ਹੈ? ਇਹ ਇਕ ਦਾ ਨਹੀਂ ਸਗੋਂ ਅਣਗਿਣਤ ਵੀਰਾਂ ਦਾ ਸਵਾਲ ਹੈ। ਜਿਸ ਤਰ੍ਹਾਂ ਮੈਂ ਸਿੱਖੀ ਨੂੰ ਸਮਝਿਆ ਹੈ, ਉਸੇ ਤਰ੍ਹਾਂ ਇਸ ਸਵਾਲ ਦਾ ਉੱਤਰ ਲਿਖ ਰਿਹਾ ਹਾਂ। ਜਿਨ੍ਹਾਂ ਵਿਦਿਆਰਥੀਆਂ, ਬੁੱਧੀਜੀਵੀਆਂ ਜਾਂ ਅਧਿਆਤਮਿਕਤਾ ਦੇ ਪਾਂਧੀਆਂ ਨੇ ਸਿੱਖ ਧਰਮ ਦਾ ਅਧਿਐਨ ਉਪਰੋਕਤ ਦੱਸੀ ਵਿਧੀ ਅਨੁਸਾਰ ਕੀਤਾ ਹੈ, ਉਹ ਇਸ ਗੱਲ ਬਾਰੇ ਚੰਗੀ ਤਰ੍ਹਾਂ ਸਪੱਸ਼ਟ ਹਨ ਕਿ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਣਾਉਣਾ ਕਿਤੇ ਨਹੀਂ ਲਿਖਿਆ, ਇਹ ਸਾਰੀ ਮਨਮਤਿ ਹੈ। ਸਿੱਖ ਧਰਮ ਦਾ ਜਿਨ੍ਹਾਂ ਨੇ ਡੂੰਘਾ ਅਧਿਐਨ ਕੀਤਾ ਹੈ, ਉਹ ਜਾਣਦੇ ਹਨ ਕਿ ਇਥੇ ਵਿਚੋਲਗੀ ਨੂੰ ਕੋਈ ਥਾਂ ਨਹੀਂ ਹੈ, ਸਗੋਂ ਸਿੱਖ ਅਤੇ ਅਕਾਲ ਪੁਰਖ ਦਾ ਆਪਸੀ ਸਿੱਧਾ ਸਬੰਧ ਹੈ। ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਸਿੱਖ ਅਤੇ ਅਕਾਲ ਪੁਰਖ ਦੇ ਦਰਮਿਆਨ ਨਹੀਂ ਰੱਖਿਆ। ਸਤਿਗੁਰ ਦੀ ਬਾਣੀ ਹੀ ਸਾਡੇ ਲਈ ਚਾਨਣ-ਮੁਨਾਰਾ ਹੈ, ਜੋ ਮਨੁੱਖ ਦੀ ਹਰ ਪੱਖ ਤੋਂ ਅਗਵਾਈ ਕਰਦੀ ਹੈ। ਦੂਸਰੇ ਧਰਮਾਂ ਵਿਚ ਜਿਵੇਂ ਹਜ਼ਰਤ ਈਸਾ ਅਤੇ ਮੁਹੰਮਦ ਸਾਹਿਬ, ਜਨ-ਸਾਧਾਰਨ ਅਤੇ ਪ੍ਰਭੂ ਦੇ ਦਰਮਿਆਨ ਵਿਚੋਲਗੀ ਕਰਦੇ ਹਨ, ਉਸ ਤਰ੍ਹਾਂ ਗੁਰੂ ਸਾਹਿਬਾਨ ਵਿਚੋਲਗੀ ਨਹੀਂ ਕਰਦੇ।

ਸਤਿਗੁਰੂ ਦਾ ਇਹ ਹੁਕਮ ਹੈ ਕਿ ਜੋ ਸਾਨੂੰ ਪਰਮੇਸ਼ੁਰ ਦਾ ਰੁਤਬਾ ਦੇਵੇਗਾ, ਉਹ ਨਰਕ ਦਾ ਭੋਗੀ ਹੋਵੇਗਾ। ਜੇ ਇੰਨਾ ਸਖ਼ਤ ਤੇ ਮਹਾਨ ਹੁਕਮ ਹੈ ਤਾਂ ਬੁੱਤ ਜਾਂ ਤਸਵੀਰ ਕਿਸ ਦੀ ਬਣਾਉਣੀ ਹੋਈ ? ਉਹ ਤਾਂ ਸਾਨੂੰ ਅਕਾਲ ਪੁਰਖ ਦੇ ਲੜ ਲਾ ਗਏ ਅਕਾਲ ਪੁਰਖ ਦੀ ਤਸਵੀਰ ਜਾਂ ਬੁੱਤ ਬਣ ਨਹੀਂ ਸਕਦਾ, ਕਿਉਂਕਿ ਉਹ ਰੂਪ-ਰੰਗ, ਚੱਕਰ-ਚਿਹਨ ਤੋਂ ਭਿੰਨ ਹੈ। ਜੇਕਰ ਅਸੀਂ ਕੋਈ ਫ਼ਰਜ਼ੀ ਤਸਵੀਰ ਬਣਾ ਵੀ ਲਈ ਤਾਂ ਕਿਸੇ ਸਮੇਂ ਉਸ ਦੀ ਪੂਜਾ ਵੀ ਸ਼ੁਰੂ ਕਰ ਦੇਵਾਂਗੇ। ਇਸੇ ਲਈ ਗੁਰਬਾਣੀ ਵਿਚ ਗੁਰੂ ਸਾਹਿਬਾਨ ਬੁੱਤ-ਪੂਜਾ ਦੀ ਨਿਖੇਧੀ ਕਰਦੇ ਹਨ:

**ਜੋ ਪਾਥਰ ਕਉ ਕਹਤੇ ਦੇਵ ॥**
**ਤਾ ਕੀ ਬਿਰਥਾ ਹੋਵੈ ਸੇਵ ॥...॥੧॥**
( ॥੪॥੪॥੧੨॥)
(ਮ. ੫, ਅੰਕ : ੧੧੬੦)

ਦਸਮੇਸ਼ ਪਿਤਾ ਦਾ ਫ਼ਰਮਾਨ ਵੀ ਇਹੋ ਹੀ ਹੈ :

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗੁ ਗਰੇ ਲਟਕਾਇਓ ॥...**
*******
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥...॥੧੦॥੩੦॥**
**(ਤ੍ਵਪ੍ਰਸਾਦਿ ਸ੍ਵਯੇ ਪਾ. ੧੦)**

ਉਪਰੋਕਤ ਪੰਕਤੀਆਂ ਵਿਚ ਸਪੱਸ਼ਟ ਤੌਰ 'ਤੇ ਗੁਰੂ ਜੀ ਬੁੱਤ-ਪੂਜਾ ਕਰਨ ਵਾਲਿਆਂ ਦੇ ਅੰਧ-ਵਿਸ਼ਵਾਸ ਨੂੰ ਉਘਾੜਦੇ ਹਨ। ਅੱਜ-ਕਲ੍ਹ ਵੀ ਭੋਲੇ-ਭਾਲੇ ਸਿੱਖ ਪੱਥਰ, ਮਿੱਟੀ, ਸੀਮਿੰਟ ਜਾਂ ਕਾਗਜ਼ ਦਾ ਬੁੱਤ ਵੇਖ ਕੇ ਸਿਰ ਝੁਕਾ ਦਿੰਦੇ ਹਨ। ਕੋਈ ਲਾਲ ਧਾਗਾ ਬੰਨ੍ਹੇ ਹੋਏ ਦਰੱਖ਼ਤ ਨੂੰ, ਕੋਈ ਕਿਸੇ ਬਾਂਦਰ ਦੇ ਬੁੱਤ ਨੂੰ, ਕੋਈ ਕਿਸੇ ਪੱਥਰ ਨੂੰ, ਕੋਈ ਗੁਰੂ ਸਾਹਿਬ ਦੀਆਂ ਮਨੋ-ਕਲਪਿਤ ਤਸਵੀਰਾਂ ਨੂੰ ਇਸ ਤਰ੍ਹਾਂ ਦੇ ਅਨੇਕਾਂ ਥਾਵਾਂ 'ਤੇ ਸਿਰ ਨਿਵਾਈ ਜਾਣਗੇ, ਇਹ ਸਾਰੀ ਮੂਰਖਤਾ ਅਤੇ ਮਨਮਤਿ ਹੈ, ਸਿੱਖ ਦਾ ਸਿਰ ਸਿਰਫ਼ ਅਕਾਲ ਪੁਰਖ ਅੱਗੇ ਹੀ ਝੁਕਦਾ ਹੈ। 'ਸ਼ਬਦ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌ-ਸੌ ਵਾਰ ਸਿਜਦਾ ਕਰੋ, ਇਹ ਮੁਬਾਰਕ ਹੈ। ਉਹ ਸਿਰ ਕਾਹਦਾ ਹੋਇਆ ਜੋ ਹਰ ਇਕ ਦੇ ਸਾਹਮਣੇ ਝੁਕਦਾ ਜਾਵੇ? ਇਹ ਕਾਇਰਤਾ ਦੀ ਨਿਸ਼ਾਨੀ ਹੈ। ਅਸੀਂ ਅਸਲ ਵਿਚ ਗੁਰੂ ਸਾਹਿਬਾਨ ਦੇ ਪੰਜ ਭੂਤਕ ਸਰੀਰ ਨੂੰ ਮੱਥਾ ਨਹੀਂ ਟੇਕਦੇ, ਸਗੋਂ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਾਰਨ ਹੋਏ ਮਹਾਂਵਾਕਾਂ ਨੂੰ ਸਿਜਦਾ ਕਰਦੇ ਹਾਂ।

ਗੁਰੂ ਸਾਹਿਬਾਨ ਦੇ ਸਮੇਂ ਦੀ ਕੋਈ ਵੀ ਅਸਲੀ ਫ਼ੋਟੋ ਜਾਂ ਚਿੱਤਰ ਨਹੀਂ ਮਿਲਦਾ। ਕੋਈ ਚਿੱਤਰ ਮੁਗ਼ਲ ਸਟਾਈਲ, ਕੋਈ ਕਿਸੇ ਹੋਰ ਸਟਾਈਲ ਵਿਚ, ਭਾਵ ਇਹ ਹੈ ਕਿ ਉਨ੍ਹਾਂ ਦੀ ਕੋਈ ਅਸਲੀ ਤਸਵੀਰ ਨਹੀਂ, ਇਸ ਕਰਕੇ ਵੱਖ-ਵੱਖ ਸ਼ਕਲਾਂ ਵਿਚ ਪੁਰਾਤਨ ਤਸਵੀਰਾਂ ਮਿਲਦੀਆਂ ਹਨ, ਜੋ ਅਸਲੀਅਤ ਤੋਂ ਕੋਹਾਂ ਦੂਰ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਤਸਵੀਰਾਂ ਕੁਝ ਅਸਲੀਅਤ ਦੇ ਨੇੜੇ ਹਨ, ਇਸੇ ਲਈ ਕਈ ਵਾਰ ਵੇਖਿਆ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਵਾਲੀ ਕੋਈ ਅਖ਼ਬਾਰ ਜਾਂ ਕੋਈ ਪੁਸਤਕ ਉਠਾ ਕੇ ਵੇਖ ਲਓ, ਇਹ ਤਸਵੀਰਾਂ ਆਪਸ ਵਿਚ ਮਿਲਦੀਆਂ ਹੋਣਗੀਆਂ। ਪਰ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਨਹੀਂ। ਜੋ ਤਸਵੀਰਾਂ ਕੁਝ ਕੁ ਚੋਟੀ ਦੇ ਆਰਟਿਸਟਾਂ ਨੇ ਗੁਰੂ ਸਾਹਿਬਾਨ ਦੀਆਂ ਬਣਾਈਆਂ ਹਨ, ਉਹ ਕਲਾ ਦੇ ਸੁਚੱਜੇ ਨਮੂਨੇ ਸਮਝ ਕੇ ਬੇਸ਼ੱਕ ਘਰਾਂ ਵਿਚ ਰੱਖੀਆਂ ਜਾ ਸਕਦੀਆਂ ਹਨ, ਪਰ ਉਨ੍ਹਾਂ ਵਿਚੋਂ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਵੇਖਣਾ ਜਾਂ ਉਨ੍ਹਾਂ ਦੀ ਧੂਪ-ਬੱਤੀ ਆਦਿ ਨਾਲ ਪੂਜਾ ਕਰਨੀ, ਇਹ ਸਿੱਖੀ ਤੋਂ ਉਲਟ ਹੈ। ਸੋ ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਸਿੱਖੀ ਵਿਚ ਤਸਵੀਰ ਜਾਂ ਬੁੱਤ ਪੂਜਾ ਦੇ ਪੱਖੋਂ ਕੋਈ ਥਾਂ ਨਹੀਂ ਹੈ।

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਦਾ ਜ਼ਿਕਰ ਕਰਕੇ ਅਖ਼ੀਰ 'ਤੇ ਪਾਠਕ ਸਿੱਖ ਨੂੰ ਸੁਚੇਤ ਕਰਦੇ ਹਨ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਅਸਲ ਤਸਵੀਰ ਹੈ, ਆਪ ਲਿਖਦੇ ਹਨ :

**ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ ॥**
**ਗੁਰ ਅੰਗਦੁ ਗੁਰ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ ॥**
**ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ ॥**
**ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ ॥**
**ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ ॥**
**ਹਰਿ ਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦੁ ਨਾਉਂ ਸਦਵਾਇਆ ॥**
**ਗੁਰਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ ॥**
**ਪੈਰੀ ਪਾਇ ਸਭ ਜਗਤੁ ਤਰਾਇਆ ॥੨੫॥੨੪॥**
**(ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੨੫)** ▪▪

ਕੀ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਣਾਉਣਾ ਠੀਕ ਹੈ ? ਜਿਸ ਤਰ੍ਹਾਂ ਮੈਂ ਸਿੱਖੀ ਨੂੰ ਸਮਝਿਆ ਹੈ, ਉਸੇ ਤਰ੍ਹਾਂ ਇਸ ਸਵਾਲ ਦਾ ਉੱਤਰ ਲਿਖ ਰਿਹਾ ਹਾਂ। ਜਿਨ੍ਹਾਂ ਵਿਦਿਆਰਥੀਆਂ, ਬੁੱਧੀਜੀਵੀਆਂ ਜਾਂ ਅਧਿਆਤਮਿਕਤਾ ਦੇ ਪਾਂਧੀਆਂ ਨੇ ਸਿੱਖ ਧਰਮ ਦਾ ਅਧਿਐਨ ਕੀਤਾ ਹੈ, ਉਹ ਇਸ ਗੱਲ ਬਾਰੇ ਚੰਗੀ ਤਰ੍ਹਾਂ ਸਪੱਸ਼ਟ ਹਨ ਕਿ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਣਾਉਣਾ ਕਿਤੇ ਨਹੀਂ ਲਿਖਿਆ, ਇਹ ਸਾਰੀ ਮਨਮਤਿ ਹੈ।

# ਹਰਿਮੰਦਰ ਸਾਹਿਬ ਦਾ ਸ਼ਰਧਾਲੂ ਬਜ਼ੁਰਗ ਇਕ ਅਭੁੱਲ ਸਤਿਕਾਰੀ ਘਟਨਾ



**ਡਾ. ਸਰੂਪ ਸਿੰਘ ਅਲੱਗ**

੧੯੮੦ ਦੇ ਆਸ-ਪਾਸ ਦੀ ਗੱਲ ਹੈ। ਮੈਂ ਅੰਮ੍ਰਿਤ ਵੇਲੇ ਚਾਰ ਕੁ ਵਜੇ ਸਰੋਵਰ ਸਾਹਿਬ ਵਿਚ ਇਸ਼ਨਾਨ ਕਰਨ ਉਪਰੰਤ ਦਰਬਾਰ ਸਾਹਿਬ ਕੀਰਤਨ ਸਰਵਣ ਕਰ ਰਿਹਾ ਸਾਂ। ਸਭ ਸੰਗਤਾਂ ਕੀਰਤਨ ਦਾ ਅਨੰਦ ਮਾਣ ਰਹੀਆਂ ਸਨ। ਅਚਾਨਕ ਮੇਰੀ ਨਜ਼ਰ ਕੀਰਤਨੀ ਸਿੰਘਾਂ ਦੇ ਬਿਲਕੁਲ ਪਿੱਛੇ ਪਰ ਮੇਰੇ ਤੋਂ ਅੱਗੇ ਬੈਠੇ ਇਕ ਬਜ਼ੁਰਗ ਵੱਲ ਪਈ, ਜਿਸ ਦੀ ਮੈਂ ਕੇਵਲ ਪਿਠ ਹੀ ਦੇਖ ਸਕਦਾ ਸਾਂ। ਮੈਂ ਦੇਖਿਆ ਕਿ ਉਸ ਨੇ ਜੋ ਖੱਦਰ ਦਾ ਕੁੜਤਾ ਪਾਇਆ ਹੋਇਆ ਸੀ, ਉਸ ਦੀ ਹਾਲਤ ਬਹੁਤ ਖ਼ਸਤਾ ਸੀ ਅਤੇ ਉਸ ਉੱਤੇ ਕਈ ਰੰਗ-ਬਿਰੰਗੀਆਂ ਘਸਮੈਲੀਆਂ ਜਿਹੀਆਂ ਟਾਕੀਆਂ ਵੀ ਲੱਗੀਆਂ ਹੋਈਆਂ ਸਨ। ਉਹ ਬਜ਼ੁਰਗ ਚੌਂਕੜਾ ਲਗਾ ਕੇ ਤੇ ਸਿਰ ਸੁੱਟ ਕੇ ਅਡੋਲ ਚਿੱਤ ਬੈਠਾ ਕੀਰਤਨ ਵਿਚ ਲੀਨ ਜਾਪਦਾ ਸੀ।

ਮੇਰੇ ਮਨ ਵਿਚ ਆਇਆ ਕਿ ਇਹ ਵਿਅਕਤੀ ਕਿਤਨੀ ਸ਼ਰਧਾ ਨਾਲ ਗੁਰਬਾਣੀ ਸਰਵਣ ਕਰ ਰਿਹਾ ਹੈ। ਵਾਹਿਗੁਰੂ ਦਾ ਬੜਾ ਤਪੱਸਵੀ ਸੇਵਕ ਲੱਗਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਵਾਹਿਗੁਰੂ ਨਾਲ ਇਤਨੇ ਡੂੰਘੇ ਰੂਪ ਵਿਚ ਜੁੜੇ ਹੋਣ ਦੇ ਬਾਵਜੂਦ ਵੀ ਉਸ ਨੇ ਇਸ ਨੂੰ ਇਕ ਚੰਗੀ ਜਿਹੀ ਕਮੀਜ਼ ਤੱਕ ਵੀ ਨਹੀਂ ਦਿੱਤੀ, ਜਿਸ ਨਾਲ ਇਹ ਇੱਜ਼ਤਦਾਰੀ ਨਾਲ ਆਪਣਾ ਤਨ ਢੱਕ ਕੇ ਅਕਾਲ ਪੁਰਖ ਦੇ ਇਸ ਦਰਬਾਰ ਵਿਚ ਹਾਜ਼ਰੀ ਭਰ ਸਕੇ। ਇਹ ਗੱਲ ਸੋਚ ਕੇ ਮੈਂ ਕੁਝ ਬੇਚੈਨ ਜਿਹਾ ਹੋਇਆ ਤੇ ਆਪਣੇ ਮਨ ਵਿਚ ਧਾਰਿਆ ਕਿ ਜਦੋਂ ਇਹ ਬਜ਼ੁਰਗ ਇੱਥੋਂ ਉਠੇਗਾ ਤਾਂ ਮੈਂ ਇਸ ਨੂੰ ਕੁਝ ਮਾਇਆ ਦੇ ਕੇ ਬੇਨਤੀ ਕਰਾਂਗਾ ਕਿ ਉਹ ਆਪਣੇ ਲਈ ਕੱਪੜਿਆਂ ਦਾ ਇਕ ਨਵਾਂ ਜੋੜਾ ਸਵਾ ਲਵੇ। ਇਹ ਸਭ ਕੁਝ ਸੋਚ ਕੇ ਮੇਰਾ ਧਿਆਨ ਕੀਰਤਨ ਤੋਂ ਉਖੜ ਗਿਆ ਅਤੇ ਮੈਂ ਉਸ ਵਕਤ ਦੀ ਉਡੀਕ ਕਰਨ ਲੱਗ ਪਿਆ ਜਦ ਉਹ ਬਜ਼ੁਰਗ ਦਰਬਾਰ ਸਾਹਿਬ ਤੋਂ ਉੱਠੇ ਤੇ ਮੈਂ ਆਪਣੇ ਮਨ ਦੀ ਇੱਛਾ ਪੂਰੀ ਕਰ ਸਕਾਂ। ਵਕਤ ਬੀਤਦਾ ਗਿਆ ਪਰ ਉਹ ਬਜ਼ੁਰਗ ਅਡੋਲ ਤੇ ਅਹਿਲ ਹੀ ਰਿਹਾ। ਇਸ ਦੌਰਾਨ ਗੁਰੂ ਮਹਾਰਾਜ ਦੇ ਸਰੂਪ ਦੀ ਤਸ਼ਰੀਫ ਆਵਰੀ ਹੋਈ, ਹੁਕਮਨਾਮਾ ਲਿਆ ਗਿਆ, ਅਰਦਾਸਾ ਹੋਇਆ। ਇਸ ਸਭ ਕੁਝ ਦੇ ਮਗਰੋਂ ਉਹ ਫਿਰ ਨਜਿੱਠ ਕੇ ਬੈਠ ਕੇ ਪਹਿਲੇ ਵਰਗੀ ਹਾਲਤ ਵਿਚ ਪਹੁੰਚ ਗਿਆ। ਇਸ ਦੌਰਾਨ ਸਵੇਰ ਦੇ ਸਾਢੇ ਪੰਜ ਵੱਜ ਗਏ। ਮੈਂ ਹੋਰ ਬੇਚੈਨ ਹੋਣ ਲੱਗ ਪਿਆ ਕਿਉਂਕਿ ਮੈਂ ਗੈਸਟ ਹਾਊਸ ਜਾ ਕੇ ਤਿਆਰ ਹੋਣਾ ਸੀ। ਪਰ ਮੈਂ ਕੀ ਕਰਦਾ ਮੇਰੇ ਮਨ ਦਾ ਸੰਕਲਪ ਮੈਨੂੰ ਟਿਕਣ ਨਹੀਂ ਸੀ ਦੇ ਰਿਹਾ ਤੇ ਉਧਰ ਉਹ ਬਜ਼ੁਰਗ ਉਠਣਾ ਤਾਂ ਇਕ ਪਾਸੇ ਰਿਹਾ, ਹਿੱਲਣ ਦਾ ਨਾਂਅ ਵੀ ਨਹੀਂ ਸੀ ਲੈ ਰਿਹਾ। ਆਖਰ ਮੈਂ ਆਪਣੇ ਮਨ ਨਾਲ ਆਪਣੇ ਲਈ ਛੇ ਵਜੇ ਤੱਕ ਦਾ ਸਮਾਂ ਮਿੱਥ ਲਿਆ ਕਿ ਜੇਕਰ ਉਹ ਛੇ ਵਜੇ ਤੱਕ ਉਠ ਪਿਆ ਤਾਂ ਠੀਕ ਹੈ, ਵਰਨਾ ਮੈਂ ਉਸ ਨੂੰ ਮਿਲੇ ਬਿਨਾਂ ਮਜਬੂਰਨ ਚਲਾ ਜਾਵਾਂਗਾ।

ਕੁਝ ਦੇਰ ਮਗਰੋਂ ਜਦ ਘੜੀ ਨੇ ਛੇ ਵਜਾਏ ਤਾਂ ਉਹ ਬਜ਼ੁਰਗ ਯੱਕਦਮ ਉਠ ਪਿਆ। ਮੈਂ ਸ਼ੁਕਰ ਕੀਤਾ। ਉਹ ਲਾਗਲੇ ਕਿਵਾੜ ਵਿਚੋਂ ਬਾਹਰ ਨਿਕਲ ਕੇ ਹਰਿ ਕੀ ਪਉੜੀ ਵੱਲ ਚੱਲ ਪਿਆ। ਮੈਂ ਵੀ ਹਿੰਮਤ ਕਰਕੇ ਉਸ ਦੇ ਪਿੱਛੇ ਪਿੱਛੇ ਤੁਰ ਪਿਆ। ਜਦ ਮੈਂ ਉਸ ਦੇ ਬਰਾਬਰ ਹੋਇਆ ਤਾਂ ਉਸ ਨੇ ਮੇਰੇ ਵੱਲ ਦੇਖੇ ਬਿਨਾਂ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ, 'ਆ ਭਾਈ ਦਾਨੀ ਪੁੱਤਰਾ, ਦੋ ਘੰਟੇ ਹੋ ਗਏ ਹਨ, ਨਾ ਤਾਂ ਤੂੰ ਆਪ ਕੀਰਤਨ ਸੁਣਿਆ ਹੈ ਤੇ ਨਾ ਮੈਨੂੰ ਹੀ ਸੁਣਨ ਦਿੱਤਾ ਈ। ਹਾਂ ਕਰ ਲੈ ਆਪਣੀ ਇੱਛਾ ਪੂਰੀ ਤੇ ਲੈ ਦੇ ਮੈਨੂੰ ਕੁੜਤਾ ਪਜਾਮਾ।' ਉਸ ਮਹਾਂਪੁਰਖ ਦੇ ਇਹ ਬਚਨ ਸੁਣ ਕੇ ਮੈਂ ਹੱਕਾ ਬੱਕਾ ਰਹਿ ਗਿਆ। ਆਪਣੀ ਜ਼ਿੰਦਗੀ ਵਿਚ ਇਹ ਜਾਣਨ ਦਾ ਪਹਿਲਾ ਹੀ ਮੌਕਾ ਸੀ ਕਿ ਕੋਈ ਵਿਅਕਤੀ ਆਪਣੇ ਅੰਦਰਲੀ ਸ਼ਕਤੀ ਨਾਲ ਕਿਸੇ ਦੂਜੇ ਦੇ ਵਿਚਾਰਾਂ ਨੂੰ ਬਿਨ ਬੋਲਿਆਂ ਜਾਣ ਲਵੇ। ਇਸ ਹਾਲਤ ਵਿਚ ਮੈਂ ਉਸ ਬਜ਼ੁਰਗ ਦੇ ਗੋਡਿਆਂ ਨੂੰ ਸਤਿਕਾਰ ਨਾਲ ਹੱਥ ਲਗਾਇਆ। ਉਨ੍ਹਾਂ ਪਿਆਰ ਨਾਲ ਮੈਨੂੰ ਗਲਵਕੜੀ ਵਿਚ ਲੈ ਲਿਆ। ਸ਼ਾਬਾਸ਼ ਦਿੱਤੀ ਕਿਉਂਕਿ ਮੇਰੀ ਦਿਲੀ ਭਾਵਨਾ ਮਾੜੀ ਨਹੀਂ ਸੀ। ਉਹ ਹਸਮੁਖ ਬਜ਼ੁਰਗ ਸਨ। ਹੌਂਸਲਾ ਕਰਕੇ ਮੈਂ ਪੁੱਛਿਆ ਕਿ ਬਾਬਾ ਜੀ ਮੇਰੀ ਇਕ ਸ਼ੰਕਾ ਤਾਂ ਨਵਿਰਤ ਕਰ ਦਿਓ ਕਿ ਰੱਬ ਨੇ ਤੁਹਾਨੂੰ ਟਾਕੀਆਂ ਵਾਲਾ ਕੁੜਤਾ ਹੀ ਕਿਉਂ ਦਿੱਤਾ ਜਦਕਿ ਤੁਸੀਂ ਉਸ ਦੇ ਇਤਨੇ ਸ਼ਰਧਾਵਾਨ ਹੋ। ਇਸ 'ਤੇ ਉਸ ਬਜ਼ੁਰਗ ਨੇ ਕਿਹਾ, 'ਅਜਿਹਾ ਨਹੀਂ ਪੁੱਤਰ, ਰੱਬ ਦੀਆਂ ਦਾਤਾਂ ਦਾ ਤਾਂ ਕੋਈ ਅੰਦਾਜ਼ਾ ਹੀ ਨਹੀਂ ਲਗਾ ਸਕਦਾ। ਇਸ ਅਸਥਾਨ ਵਿਚ ਤਾਂ ਇਤਨੀ ਸ਼ਕਤੀ ਹੈ ਕਿ ਮੈਲੀਆਂ ਤੋਂ ਮੈਲੀਆਂ ਆਤਮਾਵਾਂ ਵੀ ਸਵੱਛ ਤੇ ਨਿਰਛਲ ਹੋ ਜਾਂਦੀਆਂ ਹਨ।' ਉਹ ਕਹਿਣ ਲੱਗੇ, 'ਮੈਂ ਬਚਪਨ ਤੋਂ ਹੀ ਨੇਮ ਨਾਲ ਦਰਬਾਰ ਸਾਹਿਬ ਆਉਂਦਾ ਹਾਂ। ਉਸ ਸਮੇਂ ਮੇਰੇ ਸਿਰ 'ਤੇ ਕੇਸ ਨਹੀਂ ਸਨ। ਇਸ ਕਾਰਨ ਮੈਨੂੰ ਰੁਮਾਲ ਨਾਲ ਆਪਣਾ ਸਿਰ ਢੱਕ ਕੇ ਆਉਣਾ ਪੈਂਦਾ ਸੀ। ਰੋਜ਼ ਦੀ ਇਸ ਸਿਰ ਢੱਕਣ ਦੀ ਕਵਾਇਦ ਕਾਰਨ ਮੇਰਾ ਹਰ ਵਕਤ ਇਸੇ ਗੱਲ 'ਚ ਹੀ ਧਿਆਨ ਰਹਿੰਦਾ ਕਿ ਕਿਧਰੇ ਰੁਮਾਲ ਡਿੱਗ ਨਾ ਪਵੇ ਤੇ ਸਿਰ ਨੰਗਾ ਨਾ ਹੋ ਜਾਵੇ। ਸੋ ਇਸ ਸਮੱਸਿਆ ਦੇ ਹੱਲ ਲਈ ਮੈਂ ਪੂਰਨ ਕੇਸ ਰੱਖ ਕੇ ਦਸਤਾਰ ਸਜਾਅ ਲਈ। ਇਵੇਂ ਮੈਨੂੰ ਵਧੇਰੇ ਵਿਸ਼ਵਾਸ ਤੇ ਆਤਮਿਕ ਬਲ ਪ੍ਰਦਾਨ ਹੋਇਆ ਅਤੇ ਮੇਰੇ ਮਨ 'ਤੇ ਗੁਰਬਾਣੀ ਦੀ ਰੰਗਤ ਚੜ੍ਹਨ ਉੱਤੇ ਮੈਂ ਕੁੜਤੇ 'ਤੇ ਇਕ ਟਾਕੀ ਠੋਕ ਦਿੱਤੀ। ਫਿਰ ਲਾਲਚਵੱਸ ਹੋਇਆ ਤਾਂ ਕੁੜਤੇ 'ਤੇ ਦੂਜੀ ਟਾਕੀ ਠੋਕ ਦਿੱਤੀ, ਇਵੇਂ ਕਰਦਿਆਂ ਕਰਦਿਆਂ ਅੱਜ ਮੈਂ ੧੧ ਟਾਕੀਆਂ ਲਗਾ ਚੁੱਕਾ ਹਾਂ।' ਇਹ ਸੁਣਦੇ ਹੀ ਮੈਂ ਹਾਸੇ ਵਿਚ ਕਿਹਾ ਕਿ ਇਵੇਂ ਨਾ ਕਹਿ ਲਈਏ ਕਿ ਰੱਬ ਦੀ ਦਿੱਤੀ ਵਰਦੀ 'ਤੇ ਤਰੱਕੀ ਦੇ ੧੧ ਤਮਗੇ ਲਗਾ ਕੇ ਇਸ ਨੂੰ ਸਜਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ, ਮੈਂ ਜਦ ਵੀ ਦਰਬਾਰ ਸਾਹਿਬ ਆਉਂਦਾ ਹਾਂ ਇਹੋ ਕੁੜਤਾ ਪਾ ਕੇ ਹੀ ਆਉਂਦਾ ਹਾਂ। ਇਹ ਮੈਨੂੰ ਦੱਸਦਾ ਹੈ ਕਿ ਮੈਂ ਕਿੰਨਾ ਪੈਂਡਾ ਤਹਿ ਕਰ ਲਿਆ ਹੈ।

ਮੈਂ ਉਨ੍ਹਾਂ ਦੇ ਬਚਨ ਸੁਣਦਾ ਗਿਆ ਪਰ ਜਲਦੀ ਹੀ ਉਨ੍ਹਾਂ ਨੇ ਆਪਣੇ ਕੰਨ ਫੜ ਲਏ ਅਤੇ ਮੈਨੂੰ ਭਾਰੀ ਆਵਾਜ਼ 'ਚ ਕਹਿਣ ਲੱਗੇ, 'ਗੱਲਾਂ ਗੱਲਾਂ ਵਿਚ ਲੁੱਟ ਕੇ ਲੈ ਗਿਆ ਏਂ। ਇਹ ਗੱਲ ਤੈਨੂੰ ਸੁਣਾ ਕੇ ਲੱਗਦਾ ਮੇਰੀ ਹਉਮੈ ਜਾਗਣ ਲੱਗੀ ਹੈ। ਹੁਣ ਤੂੰ ਜਾ, ਪਰ ਇਹ ਗੱਲ ਕਿਸੇ ਨਾਲ ਨਾ ਕਰੀਂ। ਨਾਮ ਜਪਿਆ ਕਰ ਤੇ ਇਸ ਦਵਾਰੇ 'ਤੇ ਸੱਚੀ ਲਗਨ ਨਾਲ ਆਇਆ ਕਰ।'

(ਪੁਸਤਕ 'ਹਰਿਮੰਦਰ ਦਰਸ਼ਨ' ਵਿਚੋਂ ਧੰਨਵਾਦ ਸਹਿਤ।)

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਖ਼ਾਲਸਾ ਰਹਿਤ ਦੇ ਸੂਰੇ, ਬਚਨਾਂ ਦੇ ਪੂਰੇ, ਪੰਥ ਦੀ ਵੀਹਵੀਂ ਸਦੀ ਦੀ ਇਕ ਮਹਾਨ ਸ਼ਖ਼ਸੀਅਤ ਸਨ। 'ਸੋ ਕਹੀਅਤ ਹੈ ਸੂਰਾ' ਨੂੰ ਭਾਈ ਸਾਹਿਬ ਜੀ ਦੀ ਹੱਥ-ਲਿਖਤ 'ਚਿੱਠੀ' ਦਾ ਇਕ ਟ੍ਰੈਕਟ ਮਿਲਿਆ ਹੈ, ਜਿਹੜੀ ਭਾਈ ਸਾਹਿਬ ਜੀ ਨੇ ੧੯੩੬ ਵਿਚ ਸਰਦਾਰ ਆਤਮਾ ਸਿੰਘ ਨੂੰ ਲਿਖੀ ਸੀ, ਜੋ ਕਿ ਪਟਿਆਲਾ ਰਿਆਸਤ ਦੇ ਇੰਜੀਨੀਅਰ ਸਨ। ਉਨ੍ਹਾਂ ਦੀ ਹਿਮਾਚਲ ਪ੍ਰਦੇਸ਼ ਵਿਚ ਡਗਸ਼ਈ ਵਿਖੇ ਇਕ ਕੋਠੀ ਸੀ, ਜਿੱਥੇ ਭਾਈ ਸਾਹਿਬ ਜੀ ਗਰਮੀਆਂ 'ਚ ਜਾ ਕੇ ਰਹਿੰਦੇ ਹੁੰਦੇ ਸਨ। ਇਸ ਚਿੱਠੀ ਵਿਚ ਸਰਦਾਰ ਆਤਮਾ ਸਿੰਘ ਦੇ ਵੱਡੇ ਸਪੁੱਤਰ ਦੇ ਕੀਤੇ ਰਿਸ਼ਤੇ ਨੂੰ ਤੋੜਨ ਦੇ ਜ਼ਿਕਰ ਵਿਚ ਭਾਈ ਸਾਹਿਬ ਜੀ ਨੇ ਗੁਰਮੁਖ ਜੀਵਨ ਵਿਚ 'ਬਚਨਾਂ' (ਵਾਅਦੇ) 'ਤੇ ਅਟੱਲ ਰਹਿਣ ਦੀ ਦ੍ਰਿੜ੍ਹਤਾ, ਗੁਰਮਤਿ ਅਸੂਲਾਂ ਦੀ ਪਾਲਣਾ ਕਰਦਿਆਂ ਪਰਿਵਾਰ ਅਤੇ ਬੱਚਿਆਂ ਦੀ ਮੋਹ-ਮਮਤਾ ਤੋਂ ਉਪਰ ਉਠਣ ਅਤੇ ਗੁਰਮੁਖ ਜੀਵਨ ਵਿਚ ਮਾਇਆਵੀ ਸੰਸਾਰ ਤੋਂ ਨਿਰਲੇਪ ਹੋ ਕੇ ਗੁਰਸਿੱਖੀ 'ਤੇ ਪਹਿਰਾ ਦੇਣ ਦੀ ਮਹੱਤਤਾ ਨੂੰ, ਗੁਰਮਤਿ ਦੀ ਰੌਸ਼ਨੀ ਵਿਚ ਦਰਸਾਇਆ ਹੈ। ਅਸੀਂ ਇਹ ਲਿਖਤ ਹੂ-ਬ-ਹੂ ਛਾਪਣ ਦੀ ਖ਼ੁਸ਼ੀ ਹਾਸਲ ਕਰ ਰਹੇ ਹਾਂ, ਤਾਂ ਜੋ ਪਾਠਕ-ਜਨ ਇਸ ਤੋਂ ਸੇਧਾਂ ਲੈ ਕੇ ਗੁਰਮਤਿ ਗਾਡੀਰਾਹ ਦੇ ਸਫ਼ਲ ਪਾਂਧੀ ਬਣਨ ਲਈ ਵਧੇਰੇ ਯਤਨਸ਼ੀਲ ਹੋ ਸਕਣ।

- ਸੰਪਾਦਕ

# ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥

**1936 ਵਿਚ ਲਿਖੀ ਚਿੱਠੀ**

**ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥**

**ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥**

**੧ੴ ਵਾਹਿਗੁਰੂ ਜੀ ਕੀ ਫਤਿਹ**

ਮੇਰੇ ਸੰਜੋਗਿ ਵਿਜੋਗੀ ਮਿਲਿ ਵਿਛੁੜੇ ਵੀਰ ਸਿਰੀ ਮਾਨ ਸਰਦਾਰ ਆਤਮਾ ਸਿੰਘ ਜੀ। ਜਿਸ ਦਿਨ ਆਪ ਵਲੋਂ ਦੋ ਟੂਕ ਫੈਸਲੇ ਵਾਲੀ ਪਾਤੀ ਆਈ ਹੈ। ਉਸੇ ਦਿਨ ਦਾਸ ਨੇ ਆਪ ਨੂੰ ਇਕ ਅੰਤੀ ਅਲਵਿਦਾ ਵਾਲੀ ਉਤਰ ਪਾਤੀ ਲਿਖੀ ਸੀ ਪਰ ਓਹ ਆਪ ਨੂੰ ਪੁਜੀ ਨਹੀਂ, ਵੀਰ ਸੁਰਜਨ ਸਿੰਘ ਜੀ ਨੇ ਉਸ ਪਾਤੀ ਨੂੰ ਆਪਣੇ ਹਥੀ ਆਪ ਦੇ ਪਾਸ ਲੈ ਜਾਣ ਦਾ ਵਾਅਦਾ ਕੀਤਾ ਸੀ ਪਰ ਓਹ ਕਈਆਂ ਕਾਰਨਾਂ ਕਰਕੇ ਲਜਾ ਨਹੀ ਸਕੇ ਅਤੇ ਹੁਣ ਏਹ ਭੀ ਪਤਾ ਲਗਾ ਹੈ ਕਿ ਓਹ ਪਾਤੀ ਓਹਨਾਂ ਨੇ ਕੋਈ ਲੰਮੀ ਸੋਚ ਸੋਚਕੇ ਬਿਨਾਸ ਕਰ ਦਿਤੀ ਹੈ। ਮੈਨੂੰ ਅੱਜ ਅੰਦਰੋਂ ਪ੍ਰੇਰਨਾ ਹੋਈ ਕਿ ਆਪ ਦੇ ਦੋ ਟੂਕ ਭਾਂਡਾ ਭੰਨਣ ਵਾਲੇ ਫੈਸਲੇ ਦਾ ਧੰਨਿਵਾਦ ਪਤਰ ਅਤੇ ਆਪ ਦੀ ਜਿੰਦ ਅਜ਼ਾਬੋ ਛੁਟਣ ਦਾ ਵਧਾਈ ਪਤਰ ਆਪ ਜੀ ਨੂੰ ਭੇਜਾਂ। ਕਿਰਪਾ ਕਰਕੇ ਸ਼ਾਂਤੀ ਪੂਰਬਕ ਆਪ ਜੀ ਨੇ ਏਹ ਪਤਰ ਅਵਲ ਤੋਂ ਆਖਰ ਤਾਈ ਪੜ੍ਹ ਲੈਣ ਦੀ ਖੇਚਲ ਕਰਨੀ। ਕਿਉਂਕਿ ਏਹ ਮੇਰਾ ਆਪ ਜੀ ਨੂੰ ਆਖ਼ਰੀ ਅਲਵਿਦਾ ਪਤਰ ਹੈ। ਅਗੇ ਨੂੰ ਆਪ ਜੀ ਨੂੰ ਖੇਚਲ ਨਹੀ ਦਿੱਤੀ ਜਾਊਗੀ। ਸਿਰੀ ਮਾਨਯਵਰ ਜੀ! ਆਪ ਜੀ ਭਲੀ ਬਿਧਿ ਏਸ ਗਲ ਨੂੰ ਜਾਣਦੇ ਹੋ ਕਿ ਦਾਸ ਨੂੰ ਇਸ ਬਚੀ ਦਾ ਆਪਦੇ ਸਾਥ ਰਿਸ਼ਤਾ ਜੋੜਨ ਲਈ ਕੋਈ ਸੰਸਾਰਕ ਲਾਭ ਯਾਂ ਮਾਇਕ ਮਨੋਰਥ ਨਹੀਂ ਸੀ। ਮੇਰੇ ਗੁਰ ਪੁਰ ਗਾਮੀ ਵੀਰ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੂੰ ਉਤਸ਼ਾਹ ਪਰਗਟ ਹੋਇਆ ਸੀ ਕਿ ਇਸ ਬਚੀ ਦੇ ਸਨਬੰਧ ਨਾਲਿ ਆਪ ਦੇ ਪਰਵਾਰ ਵਿਖੇ ਸਤਿਸੰਗ ਦਾ ਪਰਵਾਹ ਚਲੇਗਾ ਅਤੇ ਆਪ ਇਸ ਬਿਧਿ ਏਹ ਸੰਨਬੰਧ ਕਰਕੇ ਪਰਵਾਰੋਂ ਸਾਧਾਰ ਬਣੋਂਗੇ। ਆਪ ਦੀ ਸੰਮਤੀ ਲੈਕੇ ਗੁਰਪੁਰਵਾਸੀ ਵੀਰ ਨੇ ਦਾਸ ਨੂੰ ਪ੍ਰੇਰਨਾ ਕੀਤੀ ਕਿ ਬੀਬੀ ਦੇ ਮਾਤਾ ਪਿਤਾ ਦੀ ਭੀ ਸੰਮਤੀ ਲਈ ਜਾਵੇ। ਇਸ ਸੰਮਤੀ ਲੈਣ ਤੋਂ ਪਹਿਲਾਂ ਦਾਸ ਨੇ ਉਨ੍ਹਾਂ ਪਾਸ ਬਿਨੇ ਕੀਤੀ ਕਿ ਦਾਸ ਦੇ ਸਨਮੁਖ ਆਪਦੇ ਪਾਸੋਂ ਪਹਿਲਾਂ ਬਚਨ ਲਿਆ ਜਾਵੇ। ਸੋ ਆਪ ਨੂੰ ਓਹਨਾਂ ਨੇ ਮੇਰੇ ਸਾਹਮਣੇ ਬੁਲਾਇਆ ਅਤੇ ਆਪ ਜੀ ਨੇ ਜੋ ਸਪਸ਼ਟ ਬਚਨ ਪਰਤਗਿਆ ਕੀਤੀ ਸੋ ਆਪ ਜੀ ਨੂੰ ਪਤਾ ਹੀ ਹੈ ਅਤੇ ਆਪ ਜੀ ਦੀਆਂ ਲਿਖਤੀ ਪਰਤਗਿਆ ਪਾਤੀਆਂ ਭੀ ਇਸ ਦੀ ਸਾਖਾ ਭਰਦੀਆਂ ਹਨ। ਦਾਸ ਨੇ ਆਪ ਜੀ ਦੇ ਬਚਨਾਂ ਤੋਂ ਉਤਸ਼ਾਹਤ ਹੋ ਕੇ ਬੀਬੀ ਦੇ ਮਾਤਾ ਪਿਤਾ ਪਾਸ ਨਾਰੰਗਵਾਲ ਆਕੇ ਇਸ ਸਨਬੰਧ ਪ੍ਰਥਾਇ ਜ਼ਿਕਰ ਇਜ਼ਕਾਰ ਕੀਤਾ। ਓਹਨਾਂ ਬਿਚਾਰਿਆਂ ਨੇ ਸੁਣਨ ਸਾਰ ਆਖਿਆ ਅਤੇ ਇਉ ਬਚਨ ਕੀਤੇ:- ਬੀਬੀ ਆਪਦੀ ਹੈ ਅਤੇ ਇਸਦੇ ਸਨਬੰਧ ਨਮਿਤ ਅਸੀਂ ਆਪ ਨੂੰ ਪੂਰਾ ਅਧਿਕਾਰ ਦੇ ਚੁਕੇ ਹਾਂ। ਪਰ ਐਤਨੀ ਬੇਨਤੀ ਹੈ ਕਿ ਅਸੀਂ ਗਰੀਬ ਹਾਂ ਓਹ ਬੜੇ ਆਦਮੀ ਹਨ, ਬੜੇ ਆਦਮੀ ਅਕਸਰ ਗਰੀਬਾਂ ਦੀਆਂ ਲੜਕੀਆਂ ਨੂੰ ਘਰੀਂ ਵਸਾਇਆ ਨਹੀਂ ਕਰਦੇ, ਜੇ ਬੜੇ ਆਦਮੀ ਗਰੀਬਾਂ ਦੀਆਂ ਲੜਕੀਆਂ ਨੂੰ ਵਸਾ ਭੀ ਲੈਣ ਤਾਂ ਦੁਖੀ ਜਰੂਰ ਰਹਿੰਦੀਆਂ ਹਨ। ਅਗੋ ਤੁਸੀ ਵਿਚਾਰ ਲਵੋ- ਇਸ ਦੇ ਉਤਰ ਵਿਚਿ ਮੈ ਓਹਨਾਂ ਨੂੰ ਗੰਭੀਰਤਾ ਸਹਿਤ ਆਖਿਆ (ਕਿਉਕਿ ਮੈਂ ਆਪ ਜੀ ਦੀ ਗੁਰਮਤਿ ਗੌਰਵਤਾ ਦਾ ਬਹੁਤ ਕੁਝ ਵਸੂਕ ਰਖਦਾ ਸੀ) "ਕਉਨ ਵਡਾ ਮਾਇਆ ਵਡਿਆਈ" ਮਾਇਆ ਦੀ ਵਡਿਆਈ ਕਰਕੇ ਕੋਈ ਵਡਾ ਨਹੀਂ ਅਤੇ ਅਸਾਡੇ ਸ: ਸਾਹਿਬ ਤਾਂ ਆਪਣੇ ਆਪ ਨੂੰ ਗਰੀਬਾਂ ਤੋਂ ਭੀ ਗਰੀਬ ਪ੍ਰਗਟ ਕਰਦੇ ਹਨ (ਜੈਸਾ ਕਿ ਆਪ ਜੀ ਨੇ ਜ਼ਬਾਨੀ ਅਤੇ ਪਿਛੋਂ ਲਿਖਤ ਦੁਆਰਾ ਭੀ ਬਾਰੰਬਾਰ ਪ੍ਰਗਟ ਕੀਤਾ) ਤੁਸੀਂ ਡਰੋ ਨਹੀਂ ਓਥੇ ਲੜਕੀ ਪ੍ਰਮ ਸੁਖੀ ਰਹੇਗੀ। ਓਹ ਆਪਣੀ ਬਚੀ ਦੀ ਨਿਆਈ ਹੀ ਉਸਨੂੰ ਰਖਣਗੇ (ਅਤੇ ਐਸਾ ਹੀ ਆਪ ਜੀ ਨੇ ਆਪਣੀਆਂ ਪਿਛੋਂ ਲਿਖੀਆਂ ਪਾਤੀਆਂ ਵਿੱਚ ਭਰੋਸਾ ਦਿੱਤਾ) ਪਿਛੋਂ ਜਦ ਮੈਂ ਓਹਨਾਂ ਨੂੰ ਆਪ ਦੀ ਧਰਵਾਸ ਪਾਤੀ ਪੜ੍ਹ ਕੇ ਸੁਣਾਈ ਤਾਂ ਓਹਨਾਂ ਨੂੰ ਧਰਵਾਸ ਬਝ ਗਇਆ। ਹੋਈ ਬੀਤੀ ਸੋ ਦੁਹਰਾਉਣ ਦੀ ਲੋੜ ਨਹੀਂ ਜਿਵੇਂ ਆਪ ਨੇ ਬਚਨ ਦਿਤੇ ਅਤੇ ਤੋੜ ਨਭਾਉਣ ਦੇ ਭਰੋਸੇ ਦਿੱਤੇ ਸੋ ਆਪ ਭਲੀ ਬਿਧ ਜਾਣਦੇ ਹੀ ਹੋ ਅਤੇ ਉਸਦੀ ਸਾਖਾ ਭਰਨ ਲਈ ਆਪ ਜੀ ਦੀ ਪਵਿਤਰ ਆਤਮਾ ਅਤੇ ਅੰਤਸ਼ਕ੍ਰਣ ਕਦੇ ਭੀ ਮੁਨਕਰ ਨਹੀਂ ਹੋ ਸਕਦਾ ਅਤੇ ਆਪ ਜੀ ਦੀਆਂ ਲਿਖਤੀ ਪਾਤੀਆਂ ਸਦਾ ਸ਼ਾਹਦੀ ਭਰਦੀਆਂ ਰਹਿਣਗੀਆਂ ਪਰ ਸਾਨੂੰ ਹੁਣ ਏਹ ਸ਼ਾਹਦੀਆਂ ਸ਼ਹਾਦਤਾਂ ਦੀ ਲੋੜ ਨਹੀਂ ਜਦ ਆਪ ਮੁਨਕਰ ਹੀ ਹੋ ਗਏ ਅਤੇ ਕੋਰੇ ਕਰਾਰੇ ਹੋ ਕੇ ਦੋ ਟੂਕ ਫੈਸਲਾ ਕਰ ਕਹ ਬੈਠੇ। ਅਸੀਂ ਕੋਈ ਤੁਸਾਡੇ ਨਾਲ ਕੋਈ ਝਗੜਾ ਥੋੜੋ ਕਰਨਾ ਹੈ। ਦਰਗਾਂਹੀ ਲੇਖੇ! ਪਰ ਜੀ ਜ਼ੁਲਮ ਹੋਇਆ ਹੈ ਤਾਂ ਏਹ ਹੋਇਆ ਹੈ ਕਿ ਅਗਾਂਹਾਂ ਨੂੰ ਸਿੱਖ ਦੁਨੀਆਂ ਵਿਚਿ ਪਰਤਿਸ਼ਟੇ ਗੁਰ ਸਿਖਾਂ ਦੀ ਪਤਿ ਪਰਤੀਤ ਖੋਈ ਗਈ। ਅਤੇ

ਮੇਰੀ ਗੁਰਮਤਿ ਗੁਰਸਿਖੀ ਵਾਲੀ ਪੋਜ਼ੀਸ਼ਨ ਦਾ ਜੋ ਹਸ਼ਰ ਹੋਵੇਗਾ ਓਹ ਮੈਂ ਹੁਣ ਆਪਣੇ ਸਿਰ ਤੇ ਸਹਾਂਗਾ ਅਵੱਸ਼ ਸਹਿਣਾ ਹੀ ਪਵੇਗਾ। ਕਹਿਰੇ ਦਰਵੇਸ਼ ਬਰਜਾਨੇ ਦਰਵੇਸ਼। ਸ਼ੁਕਰ ਹੈ ਆਪ ਜੀ ਦੀ ਆਪਣੇ ਸ਼੍ਰੇਸ਼ ਕਬੀਲੇ ਵਲੋਂ ਰਹਿਆਈ ਅਤੇ ਕਬੀਲੇ ਦੀ ਕਨੌਂਡ ਕੁੱੜਕੀ ਵਿਚਿ ਜੋ ਆਪ ਦੀ ਜਾਨ ਫਸੀ ਹੋਈ ਸੀ! ਸ਼ੁਕਰ ਹੈ ਕਿ ਉਸ ਅਜ਼ਾਬੋਂ ਆਪ ਦੀ ਜਾਨ ਤਾਂ ਛੁਟ ਗਈ! ਪ੍ਰੰਤੂ ਐ ਮੇਰੇ ਮਿਰਦਲ (ਕੋਮਲ) ਆਤਮਾ ਵਾਲੇ ਮੀਤ ਜੀ! ਆਪਣੀ ਜਾਨ ਨੂੰ ਅਜ਼ਾਬ ਵਿਚਿ ਨਿਕਲਣ ਦੀਆਂ ਖੁਸ਼ੀਆਂ ਕੀ ਤੁਸੀਂ ਮਨ ਬਚ ਕ੍ਰਮ ਕਰਕੇ ਮਾਣ ਸਕਦੇ ਜਦ ਕੇ ਤੁਸੀਂ ਆਪਣੇ ਜਾਨ ਤੋਂ ਪਿਆਰਿਆਂ ਦੀਆ ਜਾਨਾ ਅਤੇ ਪੋਜ਼ੀਸ਼ਨਾ ਏਅਜ਼ਾਬ ਵਿਚਿ ਪਾ ਦਿਤੀਆਂ ਹਨ। ਅਜੇ ਤਾਂਈ ਦਾਸ ਆਪ ਨੂੰ ਨਿਰਾ ਸੁਆਰਥੀ ਨਿਜ ਸੁਆਰਥ ਪਾਰਥੀ ਸਜਣ ਸਮਝਣਾ ਮਹਾਂ ਪਾਪ ਸਮਝਦਾ ਹੈ। ਅਤੇ ਐਂਉਂ ਪਰਤੀਤ ਕਰਦਾ ਹੈ ਕਿ ਆਪ ਨਿਜ ਆਤਮਾ ਅਤੇ ਪਰ-ਆਤਮਾ ਦੀ ਪੀੜਾ ਨੂੰ ਇਕੋ ਸਮਾਨ ਸਮਝਦੇ ਹੋ। ਬਲਕੇ ਗੁਰਸਿਖਾਂ ਦੀਆਂ ਆਤਮਾਵਾਂ ਦੀ ਪੀੜਾ ਦਾ ਅਹਿਸਾਸ ਆਪ ਨੂੰ ਨਿਜ ਆਤਮਾਂ ਦੀ ਪੀੜਾ ਤੋਂ ਵਧੀਕ ਪਰਤੀਤ ਹੁੰਦਾ ਹੋਊ। ਖਾਸ ਕਰ ਮੈਂ ਜੇਹੀਆਂ ਨਕਾਰੀਆਂ ਹਸਤੀਆਂ ਨੂੰ ਜੋ ਤੁਸੀ ਸਨਮਾਨਤਾ ਅਤੇ ਪਿਆਰ ਦੇ ਉਚ ਤੋਂ ਉਚ ਸਿਰਨਾਮੇ ਦੇ ਦੇ ਕੇ ਵਡੀਰਦੇ ਰਹੇ ਹੋ ਕੀ ਤੁਸੀਂ ਇਸ ਨਿਜ ਮਖ਼ਸੂਸੀ ਪਰ-ਆਤਮਾ ਦੀ ਪੀੜਾ ਨੂੰ ਨਿਜ ਆਤਮਾ ਦੀ ਪੀੜਾ ਤੋਂ ਘਟ ਮਹਿਸੂਸ ਕਰਦੇ ਹੋਵੋਗੇ। ਹਰਗਿਜ਼ ਨਹੀਂ। ਕਿਸੇ ਖਾਸ ਗਰਦਸ਼ ਨੇ ਤੁਹਾਨੂੰ ਇਸ ਚੱਕਰ ਵਿਚਿ ਪਾ ਦਿਤਾ ਹੈ। ਮੇਰੇ ਸੁਸ਼ੀਲ ਆਤਮਾ ਮੀਤਸਜ ਜੀ! ਕਿਸੇ ਹੋਈ ਯਾ ਅਣ ਹੋਈ ਗੱਲ ਕਰਕੇ ਤੁਸਾਡਾ ਗੁੱਸਾ ਗਿਲਾ ਗੁਜ਼ਾਰੀ ਤਾਂ ਬਾਬੂ ਜੀ ਨਾਲਿ ਹੋਇਆ ਪਰ ਕਢਿਆ ਵਿਚਾਰੀ ਨਿਰਦੋਸ਼ ਕੰਨਿਆ ਉਤੇ! ਅਤੇ ਮੈਂ ਜੇਹੇ ਨਿਰਅਪ੍ਰਾਧ ਵਿਚੋਲੜੇ ਉਤੇ!! ਸਿਰੀ ਬਾਬੂ ਜੀ ਨੇ ਧ੍ਰੋਹ ਕਮਾਇਆ ਤਾਂ ਡਕਸ਼ਈ ਦੀ ਸੰਗਤ ਨਾਲ ਯਾ ਮੇਰੇ ਨਾਲਿ! ਪਰ ਓਸ ਵਿਚਾਰੀ ਕੰਨਿਆ ਨੂੰ ਅਤੇ ਦਾਸ ਨੂੰ ਵਿਚਿ ਵਿਚਾਲੇ ਕਿਉਂ ਪੀਠਾ ਗਇਆ। ਮੰਨਿਆ ਕਿ ਸਿਰੀ ਬਾਬੂ ਜੀ ਨੇ ਆਪਦੀ ਸਹਾਇਤਾ ਨਹੀਂ ਕੀਤੀ ਤੇ ਏਹ ਦੋਸ ਰੋਸ ਆਪ ਜੀ ਨੇ ਨਿਜ ਆਪਣੀ ਆਤਮਾ ਉਤੇ ਕੱਢਣਾ ਸੀ। ਨਿਜ ਆਪ ਨਾਲੋ ਭੀ ਪਿਆਰੀਆ ਤੇ ਸ਼੍ਰੇਸ਼ਟ ਸਨਮਾਨੀ ਪਰ - ਆਤਮਾ ਉਤੇ ਕਢਣਾ ਸੀ! ਮਾਅਸੂਮ ਅਬਲਾ ਦੇ ਨਿਰ ਅਪ੍ਰਾਧ ਮਾਤਾ ਪਿਤਾ ਉਤੇ ਕਢਣਾ ਸੀ! ਜਿਨਾ ਨੂੰ ਕਿ ਆਪ ਖੁਦ ਆਕੇ ਆਪਣੇ solemn ਬਚਨ ਦੇ ਗਏ। ਓਹਨਾਂ ਨੇ ਆਪ ਦੇ ਬਚਨਾਂ ਉਤੇ ਪਰਤੀਤ ਕਰਕੇ ਆਪਣੇ ਦੂਰੋਂ ਆਕੇ ਇਕਠੇ ਹੋਏ ਸਜਨਾ ਸਨਬੰਧੀਆਂ ਦੀ ਖੇਚਲ ਦੀ ਪਰਵਾਹ ਨਹੀਂ ਕੀਤੀ। ਆਪਣੀ ਇਕਤਰ ਕੀਤੀ ਆਨੰਦ ਸਾਮਗਰੀ ਦੇ ਵਿਤੱਕ ਵਿਹੇਕ ਦੀ ਪਰਵਾਹ ਨਹੀਂ ਕੀਤੀ ਲੋਕਿ ਕਕਾੜੂ ਕਨੌਂਡ ਦੀ ਪਰਵਾਹ ਨਹੀਂ ਕੀਤੀ! ਪਰਵਾਹ ਕੀਤੀ ਤਾਂ ਆਪ ਦੇ ਅਣਖੀਲੇ ਬਚਨਾਂ ਦੀ ਕੀਤੀ ਆਪ ਦੇ ਸੁਸ਼ੀਲੇ ਬੇਨਤੀ ਪਰਭਾਉ ਦੀ ਕੀਤੀ। ਸਗੋਂ ਉਹ ਲੋਕਾਚਾਰੀ ਮੇਹਣਿਆਂ ਦਾ ਜਵਾਬ ਹੁੱਬ ਹਬਾ ਕੇ ਦੇਣ ਜੋਗੇ ਹੋ ਗਏ ਕਿ ਉਹਨਾਂ ਦਾ ਮਾਨਯੋਗ ਕੁੜਮ ਆਪ ਆਣਕੇ ਤ੍ਰੀਕ ਬਦਲਨ ਦੀ ਬੇਨਤੀ ਕਰ ਗਇਆ ਅਤੇ ਕਿਸੇ ਅਗਲੇਰੀ ਤ੍ਰੀਕ ਉਤੇ ਆਨੰਦ ਰਖਣ ਰਚਣ ਦੇ ਪਰਤਿਸ਼ਟਟ ਬਚਨ ਦੇ ਗਇਆ ਓਹਨਾ ਪਰਾਈਆ ਆਤਮਾਵਾਂ ਦੀਆਂ ਆਸਾਂ ਉਮੈਦਾਂ ਉਤੇ ਪਾਣੀ ਫੇਰ ਕੇ ਓਹਨਾਂ ਨੂੰ ਨਿਜ ਆਤਮਾ ਦੀ ਬਸੀਠੀ ਦੁਆਰਾ ਇਤਨੇ ਭਰੋਸੜੇ ਉਤੇ ਪਾਣੀ ਸੁਆਹ ਪਾ ਕੇ ਪਤਾ ਨਹੀਂ ਕਿ ਆਪ ਦੀ ਸੁਸ਼ੀਲ ਆਤਮਾ ਕਿਵੇਂ ਮੰਨਚਾਈ ਕਿ ਆਪ ਦੀ ਜਿੰਦ ਅਜ਼ਾਬੋ ਛੁਟ ਗਈ। ਮੇਰੇ ਵਿਚਾਰ ਸ਼ੀਲ ਭ੍ਰਾਤਾ ਜੀ ਪ੍ਰਾਈਆ ਜਿੰਦੜੀਆਂ ਨੂੰ ਅਜ਼ਾਬਾਂ ਵਿਚਿ ਪਾ ਕੇ ਅਤੇ ਪਾਉਣ ਦਾ ਕਾਰਨ ਬਣ ਕੇ ਕਿਸੇ ਦੀ ਆਪਣੀ ਜਿੰਦ ਕਿਵੇਂ ਅਜ਼ਾਬਾਂ ਤੋਂ ਛੁਟ ਸਕਦੀ ਹੈ॥ "ਪਰ ਕਾ ਬੁਰਾ ਨ ਰਾਖਹੁ ਚੀਤਿ॥ ਤੁਮਕੋ ਦੁਖ ਨਹੀਂ ਭਾਈ ਮੀਤ॥" ਵਾਲਾ ਗੁਰਵਾਕ ਦਸਦਾ ਹੈ ਕੇ ਪਰਾਏ ਦਾ ਬੁਰੇ ਚਿਤਵਨ ਮਾਤਰ ਤੋਂ ਮੁਬੱਰਾ ਹੋਣ ਕਰ ਹੀ ਜਿੰਦ ਦੁਖਾਂ ਅਜ਼ਾਬਾਂ ਤੋਂ ਛੁੜਕ ਸਕਦੀ ਹੈ। ਜੇ ਅਸੀਂ ਬੁਰੇ ਦਾ ਭਲਾ ਨਹੀਂ ਕਰ ਸਕਦੇ ਤਾ ਓਸਦਾ ਬੁਰਾ ਤਾ ਨਾ ਤਕੀਏ। ਦਾਸ ਏਹ ਗਲ ਤੀਨ ਕਾਲ ਨਹੀ ਮੰਨ ਸਕਦਾ ਕਿ ਸਿਰੀ ਬਾਬੂ ਜੀ ਸਾਹਿਬ ਸਾਰਖੇ ਉਤਮ ਪੁਰਖ ਨੇ (ਜੋ ਆਪ ਦੇ ਨਾਲ ਪੁਜਕੇ ਸਚਾ ਪਿਆਰ ਕਰਨ ਵਾਲੇ ਸਨ ਅਤੇ ਹਨ) ਆਪ ਦੇ ਨਾਲ ਕੋਈ ਬੁਰਾਈ ਕੀਤੀ ਹੋਵੇ ਭਲਾ ਜੇ ਕੀਤੀ ਭੀ ਹੋਵੇ (ਇਕ ਮਿੰਟ ਲਈ ਮੰਨ ਲਵੋ) ਤਾਂ ਦੇਖੋ ਏਹ ਗੁਰਵਾਕ ਕੀ ਹੁਕਮ ਦਿੰਦਾ ਹੈ "ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ" ਇਸ ਬਿਧਿ ਗੁਸਾ ਮੰਨਿ ਨਾ ਹੰਢਾਉਣ ਵਾਲਿਆ ਨੂੰ ਦੋਜ਼ਖ ਸੰਦੀ ਭਾ ਨਹੀਂ ਲਗ ਸਕਦੀ ਜੈਸਾ ਕਿ ਇਸ ਤੋ ਅਗਲੇਰੀ ਤੁਕ ਦਸਦੀ ਹੈ। ਨਹੀਂ ਤਾਂ ਭਲੇ ਦਾ ਬੁਰਾ ਚਿਤਵਨ ਵਾਲਿਆਂ ਦੀ ਜਿੰਦ ਤਾਂ ਜ਼ਰੂਰ ਦੋਜ਼ਖ ਦੇ ਅਜ਼ਾਬਾਂ ਵਿੱਚ ਪਵੇਗੀ। ਬੁਰੇ ਨਾਲਿ ਬੁਰਿਆਈ ਕਰਨਾ ਹੀ ਜਿੰਦ ਨੂੰ ਅਜ਼ਾਬਾ ਵਿੱਚ ਪੌਣੋ ਨਹੀਂ ਛੁਡਾ ਸਕਦਾ ਤਾਂ ਭਲਿਆਂ ਨਾਲਿ ਬੁਰਿਆਈ ਕਰਨ ਵਾਲਿਆਂ ਦਾ ਖੁਦ ਅਜ਼ਾਬਾਂ ਵਿੱਚ ਪੌਣੋ ਕਿਵੇਂ ਛੁਟਕਾਰਾ ਹੋ ਸਕਦਾ ਹੈ। ਸਿਰੀ ਮਾਨਵਰ ਜੀ! ਦਾਸ ਨੂੰ ਇਸ ਗਲ ਦਾ ਅਫ਼ਸੋਸ ਨਹੀਂ ਕਿ ਆਪ ਨੇ ਲੜਕੀ ਨੂੰ ਛਡ ਦਿੱਤਾ ਹੈ। ਉਸਦੇ ਭਾਗ। ਖਬਰੇ ਭਾਣੇ ਅੰਦਰਿ ਇਸ ਵਿਚਿ ਉਸਦਾ ਭਲਾ ਹੀ ਹੋਵੇ। ਪਰ ਅਫ਼ਸੋਸ ਹੈ ਤਾਂ ਆਪ ਦੀ ਕਜਫ਼ਹਿਮੀ ਉਤੇ ਹੈ ਜਿਸਦੇ ਕਾਰਨ ਤੁਸੀਂ ਸਮਝੀ ਬੈਠੇ ਹੋ ਕਿ ਤੁਸਾਡੀ ਜਿੰਦ ਅਜ਼ਾਬਾ ਤੋਂ ਛੁਟ ਗਈ। ਦਾਸ ਨੂੰ ਬੜੀ ਹੀ ਖੁਸ਼ੀ ਹੁੰਦੀ ਅਤੇ ਸਭ ਤੋਂ ਵਧੀਕ ਖੁਸ਼ੀ ਮੈਨੂੰ ਹੀ ਹੁੰਦੀ ਜੇਕਰ ਐਸਾ ਕਰਨ ਕਰਕੇ ਆਪ ਦੀ ਜਿੰਦ ਦੇ ਸਚਮੁਚ ਅਜ਼ਾਬਾਂ ਤੋਂ ਛੁਟ ਜਾਣ ਦੀ ਆਵਸ਼ਕਤਾ ਹੁੰਦੀ! ਪਰ ਮੇਰੇ ਅਣਭੋਲ ਸਿਆਣੇ ਵੀਰ ਜੀ ਤੁਸਾਡਾ ਏਹ ਕਿਤਨਾ ਭੋਲਾਪਣ ਹੈ ਕਿ ਤੁਸੀਂ ਬੁਲੇਸ਼ਾਹ ਦਾ ਏਹ ਟਪਾ ਪੜ੍ਹ ਕੇ ਚਿਤ ਖੁਸ ਕਰ ਲਿਆ= ਭਲਾ ਭਇਆ ਮੇਰਾ ਚਰਖਾ ਢੁਟਾ ਜਿੰਦ ਅਜ਼ਾਬੋ ਛੁਟੀ- ਪਰ ਤੁਸੀਂ ਇਸ ਗੁਰਵਾਕ ਦੀ ਸਚੀ ਭਾਵ ਘਟਨਾ ਨੂੰ ਨਹੀ ਵਿਚਾਰਿਆ :- "ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ॥ ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ॥ ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ॥ ਮਾਰਿਆ ਸਚੈ ਪਾਤਸਾਹਿ ਵੇਖਿ ਧੁਰਿ ਕਰਿ ਮਚਾ॥ ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ॥੧੫॥" ਵੀਰ ਜੀ ਸਚ ਧਰਮ ਦਾ ਨਿਆਉ ਐਉ ਸਚੀ ਦਰਗਾਹੇ ਨਿਬੜੇਗਾ ਏਹ ਗੁਰੂ ਕਾ ਵਾਕ ਸਚਾ ਹੈ ਕਿ ਬੁਲ੍ਹੇ ਸ਼ਾਹ ਦੀ ਕਚੀ ਬਾਣੀ ਦਾ ਕਚਾ ਪਿਤਾ ਤੋਤਕਾ?! ਮੇਰੇ ਤਰਸ ਯੋਗ ਭੋਲੇ ਵੀਰ ਜੀ! ਦੇਖੋ ਉਪਰਲੇ ਗੁਰਵਾਕ ਅੰਦਰਿ ਬਚਨ ਤੋਂ ਖਿਸਕ ਜਾਣ ਵਾਲਿਆਂ ਦੀ ਗਤੀ ਦਾ ਕੈਸਾ ਭਿਆਨਕ ਦ੍ਰਿੱਸ਼ ਦਰਸਾਇਆ ਹੈ ਮੇਰੇ ਤਾਂ ਸਹਿਮ ਨਾਲਿ ਲੂੰ ਕੰਡੇ ਖੜੇ ਹੋ ਜਾਂਦੇ ਹਨ! ਕੀ ਏਹ ਗੁਰਵਾਕ ਮੇਰੇ ਪਿਆਰੇ ਵੀਰ ਆਤਮਾ ਸਿੰਘ ਪ੍ਰਥਾਇ ਘਟਣਗੇ!! ਪਰ ਗੁਰਬਚਨਾਂ ਦੀ ਸੁਚਿਆਈ ਤੋਂ ਸਿਰ ਫੇਰਿਆ

ਨਹੀਂ ਜਾ ਸਕਦਾ!! ਕਉਣ ਸਿਰ ਫੇਰ ਸਕਦਾ ਹੈ!! ਨਿਰਭਉ ਨਾਮ ਵਿਸਾਰ ਕੇ ਮੋਹ ਮਮਤਾ ਮਈ ਮਾਇਆ ਵਿਚਿ ਰਚ ਪਚ ਕੇ ਜਿਨਾਂ ਤੋਂ "ਬਚਨੁ ਕਰੇ ਤੈ ਖਿਸਕਿ ਜਾਇ" ਵਾਲੀ ਅਵਗਿਆ ਹੋ ਜਾਂਦੀ ਹੈ ਯਾ ਹੋ ਜਾਵੇ ਓਹਨਾਂ ਉਤੇ "ਆਵੈ ਜਾਇ ਭਵਾਈਐ ਬਹੁ ਜੋਨੀ ਨਚਾ" ਵਾਲੀ ਘਟਨਾ ਅਵੱਸ਼ ਘਟਦੀ ਹੈ ਅਤੇ ਘਟੇਗੀ। ਓਹਨਾਂ ਉਤੇ "ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ" ਵਾਲਾ ਗੁਰਫ਼ਤਵਾ ਜ਼ਰੂਰ ਲਗੇਗਾ। ਅਤੇ ਓਹਨਾ ਬਚਨ ਕਰਕੇ ਖਿਸਕ ਜਾਣ ਵਾਲਿਆਂ ਪਰ "ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ" ਵਾਲਾ ਦੂਸ਼ਨ ਭੀ ਐਨ ਢੁਕਵਾਂ ਅਤੇ ਠੁਕਵਾਂ ਆਇਦ ਹੋਵੇਗਾ। ਐਸੇ ਬਚਨ ਕਰਕੇ ਖਿਸਕ ਜਾਣ ਵਾਲੇ ਪੁਰਸ਼ ਉਤੇ "ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਿ ਮਚਾ" ਵਾਲਾ ਕਹਿਰ ਭੀ ਜ਼ਰੂਰ ਹੀ ਨਾਜ਼ਲ ਹੋਵੇਗਾ॥ ਉਸਨੂੰ "ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ" ਵਾਲੇ ਏਅਜ਼ਾਬਾਂ ਵਿਚਿ ਭੀ ਅਵੱਸ਼ ਪੈਣਾ ਪਵੇਗਾ। ਉਪਰ ਘਟਨ ਘਟਾਇਆ ਗੁਰਵਾਕਾਂ ਦੁਆਰਾ ਦਰਸਾਇਆ ਸਚੜਾ ਨਿਆਉ (ਤਪਾਵਸੁ ਧਰਮ ਕਾ) ਉਸ ਸਚੀ ਦਰਗਾਹ ਵਿਚਿ ਸਚੋ ਸਚ ਨਿਬੜੇਗਾ। ਆਹ! ਮੇਰੇ ਅਲ੍ਹੜ ਅਵੀਚਾਰੀ ਵੀਰ ਉਤੇ ਅਮਿਤ ਸਚਾਈਆ ਵਾਲੀ ਹੋਣੀ ਵਾਪਰੇਗੀ। ਮੇਰੇ ਵੀਰ ਉਤੇ ਇਸ ਤ੍ਰਾਸ ਯੋਗ ਅਵੱਸ਼ ਵਰਤਾਣ ਵਾਲੀ ਹੋਣੀ ਨੂੰ ਵਿਚਾਰ ਕੇ ਦਾਸ ਨੂੰ ਆਪਦੀ ਦਸ਼ਾ ਉਤੇ ਬੜਾ ਤਰਸ ਆਉਦਾ ਹੈ। ਅਤੇ ਹਾਵਾ ਉਪਜਦਾ ਹੈ ਕਿ ਆਪ ਹਮੇਸ਼ਾਂ ਲਈ ਇਨਾਂ ਭੁਗਤ ਸਜਾਇਆਂ ਦੇ ਗੇੜੇ ਵਿਚਿ ਪੈ ਕੇ ਅਸਾਥੋਂ ਵਿਛੁੜ ਜਾਵੋਗੇ। ਏਹ ਦਾਸ ਦੀ ਆਪ ਸੇਤੀ ਹੁਣ ਤਾਂਈ ਰਹਿ ਚੁਕੀ ਸਚੜੀ ਪ੍ਰੀਤਿ ਦੁਹਾਈਆਂ ਦੇ ਦੇ ਕੇ ਉਪਰਲੇ ਬਿਲਲ ਬਿਰਲਾਪ ਮੇਰੇ ਅੰਦਰਿ ਖਾਨਿਓ ਉਪਜਾ ਰਹੀ ਹੈ। ਸੋ ਦਾਸ ਨੂੰ ਹੋਰ ਕਿਸੇ ਗੱਲੇ ਐਤਨਾ ਅਫ਼ਸੋਸ ਨਹੀਂ ਉਪਜਿਆ ਜਿਤਨਾ ਕਿ ਆਪ ਦੀ ਪਵਿਤਰ ਪਰਤਗਿਆ ਦੇ ਭੰਗ ਹੋਣ ਦਾ ਉਪਜਿਆ ਜੋ ਆਪ ਨੇ ਆਪਣੇ ਆਪ ਜਾਣ ਬੁਝ ਭੰਗ ਕੀਤੀ ਹੈ। ਬਾਬੂ ਜੀ ਦੇ ਨਾਲਿ ਅਣਹੋਇ ਕ੍ਰੋਧ ਕਰਨ ਦੇ ਕਾਰਨ ਭੰਗ ਕੀਤੀ ਹੈ। ਆਪਣੀ ਕਿਸੇ ਮਾਯਾਵੀ ਮਮਤਾਵੀ ਕਾਣ ਕਨੌਡ ਦੇ ਕਾਰਨ ਭੰਗ ਕੀਤੀ ਹੈ। ਜਿਸਦਾ ਖ਼ਮਿਆਜ਼ਾ ਆਪ ਜੀ ਨੂੰ ਐਥੇ ਓਥੇ ਲੋਕ ਪਰਲੋਕ ਵਿਖੇ ਉਠਾਉਣਾ ਪਵੇਗਾ, ਟਲੇਗਾ ਨਹੀਂ: ਇਸ ਗਲ ਨੂੰ ਆਪ ਮੇਰੀ ਫੋਕੀ ਪੀਰੀ ਯਾ ਫੋਕਾ ਸਰਾਪ ਕਹਿਕੇ ਅਤੇ ਕਿਸੇ ਹਕਾਰਤ ਅਤੇ ਹਮਾਕਤ ਆਮੇਜ਼ ਹਮ ਜਖਰ ਵਿੱਚ ਉੜਾਕੇ ਧੋਕੇ ਟਾਲ ਨਹੀਂ ਸਕਦੇ। ਮੇਰੇ ਹਿਰਦੇ ਵਿੱਚ ਓਵੇ ਜਿਵੇਂ ਹੀ ਆਪ ਦੀ ਪ੍ਰੀਤ ਉਪਜਦੀ ਹੈ। ਅਤੇ ਇਹ ਸਚੜੀ ਪ੍ਰੀਤਿ ਹੀ ਏਹਨਾਂ ਹਾਵਿਆਂ ਤਰਸਾਵਿਆਂ ਵਿਚ ਪਾ ਰਹੀ ਹੈ। ਵੀਰ ਜੀ ਗੁਰਸਿਖ ਨੂੰ ਆਪਣੇ ਕੀਤੇ ਬਚਨ ਉਤੇ ਆਪਣੀ ਕੀਤੀ ਪਰਤਗਿਆ ਉਤੇ ਪਹਿਰਾ ਦੇਣਾ ਤਾਂ ਅਵੱਸ਼ ਹੀ ਲਾਜ਼ਮੀ ਹੈ। ਗੁਰਸਿਖ ਤਾ ਸੁਤੇ ਸੁਭਾਇਕ ਆਪਣੇ ਮੁਖੋ ਨਿਕਲੇ ਬੋਲ ਉਤੇ ਕਾਇਮ ਦਾਇਮ ਰਹਿੰਦਾ ਹੈ। ਦਾਸ ਨੂੰ ਕਈ ਆਪ ਦੇ ਅਤੇ ਦਾਸ ਦੇ ਨਿਕਟਵਰਤੀ ਸਜਣਾ ਨੇ ਅਨੇਕ ਵਾਰ ਕਹਿਆ ਕਿ ਕਾਕਾ ਜਸਵੰਤ ਸਿੰਘ ਇਸ ਬੀਬੀ ਦੇ ਲਾਇਕ ਨਹੀਂ ਇਕ ਹੰਸਲੀ ਨੂੰ ਕਾਗ ਨਾਲਿ ਨਰੜਨ ਵਾਲੀ ਗਲ ਹੈ ਆਪ ਏਹ ਸਨਬੰਧ ਪਰਤਗਿਆ ਤੋੜ ਲਵੋ। ਪਰ ਦਾਸ ਨੇ ਰੰਚਕ ਮਾਤਰ ਭੀ ਓਹਨਾਂ ਦੀਆਂ ਇਸ ਪ੍ਰਕਾਰ ਦੀਆਂ ਗਲਾਂ ਦੀ ਪਰਵਾਹ ਨਹੀਂ ਕੀਤੀ ਕਿਉਂਕਿ ਦਾਸ ਨੂੰ ਪੂਰਨ ਭਰੋਸਾ ਸੀ ਕਿ ਗੁਰੂ ਕਰਤਾਰ ਨੂੰ ਕਾਗਹੁੰ ਹੰਸ ਕਰਦਿਆਂ ਦੇਰ ਨਹੀਂ ਲਗਦੀ॥ "ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸ ਕਰੇ॥" ਦਾਸ ਆਪਣੇ ਕੀਤੇ ਬਚਨ ਤੋਂ ਨਹੀਂ ਫਿਰ ਸਕਦਾ ਨਾ ਹੀ ਕਿਸੇ ਗੁਰਸਿਖ ਨੂੰ ਫਿਰਨਾ ਚਾਹੀਦਾ ਹੈ। ਇਸ ਬਿਧ ਦਾਸ ਓਹਨਾਂ ਨੂੰ ਚੁਪ ਕਰਾ ਦਿੰਦਾ ਰਿਹਾ। ਆਪ ਦੇ ਮਹਿਰਮ ਰਾਜ਼ ਹੀ ਦਾਸ ਪ੍ਰਤੀ ਏਹ ਤਜਵੀਜ਼ਾ ਪੇਸ਼ ਕਰਦੇ ਰਹੇ ਹਨ ਇਸ ਲੜਕੇ ਤੋਂ ਸਵਾਇ ਆਪ ਜੀ ਦਾ ਕੋਈ ਹੋਰ ਲੜਕਾ???? ਜੋ ਹੋ ਗਿਆ ਸੋ ਹੋ ਚੁਕਿਆ ਏਹ ਕਹਿ ਕੇ ਓਹਨਾਂ ਦੀ ਦਾਨਾਈ ਨੂੰ ਦਮਨ ਕੀਤਾ ਜਾਂਦਾ ਰਹਿਆ। ਗੁਰਸਿਖ ਨੂੰ ਬਚਨ ਦਾ ਬਲੀ ਹੋਣਾ ਅਤੀਅੰਤ ਲਾਜ਼ਮੀ ਹੈ ਮਰਦ ਹੀ ਓਹੋ ਹੈ ਜੋ ਬਚਨ ਦਾ ਬਲੀ ਹੋਵੇ ਜੈਸਾ ਕੇ ਸਿਰੀ ਦਸਮੇਸ਼ ਜੀ ਦਾ ਬਚਨ ਹੈ ਜ਼ਫ਼ਰਨਾਮੇ ਅੰਦਰਲਾ- "ਹਮਾਂ ਮਰਦਾ ਬਾਯਦ ਸੁਖ਼ਨਵਰ ਨ ਸ਼ਿਕਮੇ ਕਿਗਰ ਦਰ ਦਹਾਨੇ ਦਿਗਰ॥" ਆਪ ਦੇ ਧਰਮ ਸਪੁਤਰ ਡਾਕਟਰ ਸਰਵਨ ਸਿੰਘ ਨੇ ਪ੍ਰੋਫੈਸਰ ਠਾਕੁਰ ਸਿੰਘ ਜੀ ਪਾਸ ਹਲਫ਼ਨ ਏਹ ਲਫ਼ਜ਼ ਕਹੇ ਕਿ ਅਸੀਂ ਆਪਣੇ ਆਪ ਹਰਗਿਜ਼ ਇੰਟਰਫ਼ੀਅਰ (interfere) ਨਹੀਂ ਕਰ ਰਹੇ ਅਸਲ ਗਲ ਏਹ ਹੈ ਕਿ ਖੁਦ ਸਰਦਾਰ ਆਤਮਾ ਸਿੰਘ ਜੀ ਦਾ ਮਨਸ਼ਾ ਹੀ ਏਹ ਰਿਸ਼ਤਾ ਤੋੜਨ ਦਾ ਹੈ ਓਹ ਆਪ ਸਪਸ਼ਟ ਜਵਾਬ ਨਹੀਂ ਦੇ ਸਕਦੇ ਅਸਾਥੋਂ ਕਹਾਉਣਾ ਅਤੇ ਜਵਾਬ ਦਵਾਉਣਾ ਚਾਹੁੰਦੇ ਹਨ ਅਤੇ ਅਸਾਨੂੰ ਮਜਬੂਰ ਕਰ ਰਹੇ ਹਨ। ਜਿਸ ਦਾ ਸਬੂਤ ਏਹ ਹੈ ਕਿ ਆਨੰਦ ਦੀ ਤਾਰੀਖ ਨੀਯਤ ਕਰਕੇ ਆਪ ਮੁੜਿ ਆਪੇ ਹੀ ਕਿਸੇ ਕਮਜ਼ੋਰੀ ਦੇ ਅਧੀਨ ਹੋਕੇ ਪਟਿਆਲਿਓ ਲਾਹੌਰ ਭੱਜੇ ਗਏ ਅਤੇ ਆਨੰਦ ਮੁਲਤਵੀ ਕਰਾਉਣ ਦੀ ਤਾਰ ਓਹਨਾਂ ਦੇ ਸਿਰ ਤੇ ਭਾਂਡਾ ਭੰਨ ਕੇ ਕੀਤੀ ਅਤੇ ਬਹਾਨਾ ਬਣਾਇਆ Children revolting। ਪਟਿਆਲੇ ਹੀ ਆਪ ਦੀ ਨੀਯਤ ਬਿਗੜ ਚੁਕੀ ਸੀ ਜੈਸਾ ਕਿ ਆਪ ਦੇ ਦੋਸਤ ਸੈਕਰੀਟੈਰੀ ਦੇ ਕਥਨ ਤੋ ਪਰਤੀਤ ਹੋਇਆ ਸੀ। ਆਪ ਪਟਿਆਲਿਓ ਹੀ ਏਹ ਤਾਰ ਦੇ ਸਕਦੇ ਸੀ। ਪਰ ਏਤਨੀ ਆਪ ਵਿਚਿ ਹਿੰਮਤ ਨਹੀਂ ਸੀ ਆਪ ਭਾਈ ਕਾਹਨ ਸਿੰਘ ਦੀ ਨਿਆਈ ਆਪਣੇ Children ਚਿਲਡ੍ਰਨ ਦੇ ਮੋਢਿਆ ਉਤੇ ਰਖ ਕੇ ਬੰਦੂਕ ਚਲਾਉਣਾ ਲੋੜਦੇ ਸੀ ਅਤੇ ਏਸੇ ਨਮਿਤ ਆਪ ਲਾਹੌਰ ਗਯੇ ਅਤੇ ਓਹਨਾ ਦੇ ਮੋਢਿਆਂ ਉਤੇ ਰਖ ਕੇ ਬਚਨ ਬੇਮੁਖਤਾ ਦੀ ਬੰਦੂਕ ਚਲਾਈ। ਅਤੇ ਆਪ ਨੇ ਹੀ ਕਹਿ ਕੇ ਬੀਬੀ ਬੇਅੰਤ ਪਾਸੋਂ ਓਹ ਚਿਠੀ ਲਖਵਾਈ ! ਹਾਂ ਏਹ ਗਲ ਜ਼ਰੂਰ ਹੈ ਕਿ ਆਪ ਦਾ ਏਹ ਭਾਵ ਨਹੀਂ ਸੀ ਕਿ ਚਿਠੀ ਗੁਸਤਾਖ਼ਾਨਾ ਟੋਨ ਵਿਚਿ ਲਿਖੀ ਜਾਵੇ। ਸਿਰੀ ਬਾਬੂ ਸਾਹਿਬ ਦੀ ਸ਼ਰਾਫ਼ਤ ਭਰੀ ਗੁਰਮੁਖਤਾ ਦੇਖੋ ਓਹਨਾ ਨੇ ਬੀਬੀ ਬੇਅੰਤ ਦੀ ਗੁਸਤਾਖ਼ੀ ਦਾ ਇਜ਼ਹਾਰ ਆਪ ਤਾਈ ਨਹੀਂ ਹੋਣ ਦਿਤਾ ਹਾਲਾਕੇ ਮੈਂ ਓਹ ਚਿਠੀ ਸਾਮੀ ਹੀ ਆਪ ਦੇ ਪਾਸ ਬੰਦ ਕਰਕੇ ਭੇਜਣ ਲਗਾ ਸੀ। ਪਰ ਬਾਬੂ ਸਾਹਿਬ ਨੇ ਐਸਾ ਨਹੀਂ ਕਰਨ ਦਿਤਾ ਅਤੇ ਓਹ ਚਿਠੀ ਆਪਣੇ ਕਾਬੂ ਵਿਚ ਕਰ ਲਈ ਸ਼ਾਇਦ ਹੁਣ ਤਾਈ ਓਹਨਾਂ ਪਾਸ ਹੈ। ਓਧਰ ਬੀਬੀ ਬੇਅੰਤ ਦੀ ਮਨਮੁਖਤਾਈ ਅਤੇ ਗੁਸਤਾਖ਼ੀ ਵਾਲੀ ਢੀਠਤਾ ਦੇਖੋ ਉਸਨੇ ਡਕਸ਼ਈ ਭਾਈ ਸੁਰਜਨ ਸਿੰਘ ਜੀ ਪਾਸ ਬੜੀ ਹਮਾਕਤ ਨਾਲਿ ਕਹਿਆ ਕਿ ਅਸੀਂ (ਅਰਥਾਤ ਬੇਅੰਤ ਅਤੇ ਸਰਵਨ ਸਿੰਘ ਨੇ) ਲਾਹੌਰ ਬਾਬੂ ਜੀ ਦੀ ਬੜੀ ਬੇਪਤੀ ਕੀਤੀ ਓਸਦਾ ਟ੍ਰੰਕ ਅਤੇ ਬਿਸਤ੍ਰਾ ਅਸੀਂ ਆਪਣੇ ਘਰੋਂ ਬਾਹਰ ਕਢਿ ਮਾਰਿਆ ਅਤੇ ਬਾਬੂ ਜੀ ਨੂੰ ਧਕੇ ਮਾਰ ਕੇ ਅਤੇ ਜ਼ਲੀਲ ਕਰਕੇ ਘਰੋਂ ਬਾਹਰ ਕਢਿਆ ਤਾ ਕਿ ਉਹ ਫੇਰ ਮੁੜ ਕੇ ਆਉਣ ਜੋਗਾ ਨਾ ਰਹੇ। ਏਹ ਸਭ ਕੁਝ ਆਪ ਦੇ ਇਸ਼ਾਰੇ ਨਾਲ ਕੀਤਾ ਗਇਆ ਬਕੌਲ ਬੀਬੀ ਬੇਅੰਤ-ਕੱਟਾ ਕਿੱਲੇ ਦੇ ਜੋਰ ਤੇ ਹੀ ਤਾ ਅੜਦਾ ਹੈ। ਨਹੀਂ ਓਹਨਾਂ ਵਿੱਚ ਏਹ ਹਿੰਮਤ ਕਿਥੇ ਸੀ। ਮੇਰੇ ਹਿਰਦੇ ਨੂੰ ਇਹ ਗਲ ਸੁਣਕੇ ਬੜਾ ਭਾਰੀ ਸਦਮਾ ਪਹੁੰਚਿਆ॥ ਸਿਰਿ ਬਾਬੂ ਜੀ ਦੀ

ਬੁਰਦਬਾਰੀ ਅਤੇ ਗੁਰਮੁਖਤਾਈ ਦੀ ਅਤੇ ਪਰਉਪਕਾਰ ਨਮਿਤ ਕੀਤੀ ਕੁਰਬਾਨੀ ਦੀ ਹੱਦ ਹੋ ਗਈ। ਓਹਨਾਂ ਮਹਿਜ਼ ਆਪਦਾ ਬਚਨ ਪਾਲਨ ਲਈ ਆਪ ਨੂੰ ਬਚਨੋ ਬੇਮੁਖ ਹੋਣ ਦਾ ਧੱਬਾ ਨਾ ਲਗਣ ਦੇਣ ਲਈ ਆਪ ਦਾ ਲੋਕ ਪਰਲੋਕ ਵਿਖੇ ਮੁਖ ਉਜਲਾ ਰਖਣ ਲਈ, ਗੁਰਮੁਖ ਹਸਤੀਆ ਦੀ ਪ੍ਰੀਤਿ ਗੰਢ ਵਿਚਿ ਵਿਤ੍ਰੇਕ ਨਾ ਪੈਣ ਦੇਣ ਲਈ ਪਰਉਪਕਾਰੀ ਪਵਿਤਰ ਨਾਤੇ ਨੂੰ ਤੋੜ ਨਿਭਦਾ ਰਖਣ ਲਈ ਕੀ ਕੁਝ ਕੁਰਬਾਨੀ ਨਾ ਕਰਿ ਦਿਖਾਈ ਐਥੋ ਤੀਕ ਕਿ ਆਪਣੀ ਆਬਰੂ ਇੱਜ਼ਤ ਦੀ ਪਰਵਾਹ ਨਾ ਕੀਤੀ 'ਪਰਉਪਕਾਰ ਦੇ ਕਾਰਨੇ ਮੁਝੇ ਨਾ ਆਵੇ ਲਾਜ' ਵਾਲਾ ਅੰਦੀਆ ਪੂਰਾ ਕਰ ਕੇ ਦਿਖਾਇਆ ਫੇਰ ਸਹਿਨਸ਼ੀਲਤਾ ਅਤੇ ਬੁਰਦਬਾਰੀ ਵਾਲੀ ਗੰਭੀਰਤਾ ਦੇਖੋ ਕਿ ਆਪ ਦੇ ਨੇਕ ਸ਼ੁਆਰ ਬਰਖੁਰਦਾਰਾਂ ਵਲੋਂ ਹੋਈ ਨਿਜ ਬੇਪਤੀ ਦੀ ਅਤੇ ਦਾਸ ਦੀ ਭੀ ਓਹਨਾਂ ਪ੍ਰਥਾਇ ਕੋਈ ਬਦਗੁਮਾਨੀ ਨਾ ਹੋ ਜਾਵੇ!! ਆਹ! ਏਹ ਸਗਾਈ ਕੈਸੇ ਮਹਿੰਗੇ ਮੁਲਿ ਪਈ ਪਰ ਅਫ਼ਸੋਸ ਕਿ ਸਿਰੇ ਭੀ ਨਾ ਚੜ੍ਹੀ। ਜੇ ਮੈਨੂੰ ਅਲਪਗ ਜੀਵ ਨੂੰ ਏਹ ਪਤਾ ਹੁੰਦਾ ਕਿ ਨੌਬਤ ਏਥੇ ਤਾਈ ਪੁਜਣੀ ਹੈ ਕਿ ਮੇਰੀ ਰੂਹੇ ਰਵਾਲ ਪ੍ਰਾਨਾ ਤੋ ਪਿਆਰੇ ਸਹੋਦਰ ਵੀਰ ਨਾਲਿ ਏਹ ਸਲੂਕ ਹੋਣਾ ਹੈ ਤਾਂ ਮੈਂ ਕਦੇ ਵੀ ਇਸ ਖਲਜਗਣ ਵਿਚਿ ਪੈਣ ਦਾ ਨਾਉ ਨਾ ਲੈਂਦਾ। ਆਪ ਜੀ ਨੇ ਜਦੋ ਮੈਨੂੰ ਇਕ ਵਾਰ ਦਸਿਆ ਸੀ ਕਿ ਬਾਬੂ ਜੀ ਨੇ ਮੇਰੀ ਕੋਈ ਸਹਾਇਤਾ ਨਾ ਕੀਤੀ ਅਤੇ ਵਕਤ ਤੇ ਵਾਇਦੇ ਮੁਜਬ ਅਪੜੇ ਨਾ ਤਾਂ ਮੈਂ ਬੇਸਮਝ ਇਸ ਆਪ ਦੀ ਰਮਜ਼ ਨੂੰ ਬਿਲਕੁਲ ਨਹੀਂ ਸਮਝਿਆ।

ਜੇ ਮੈਨੂੰ ਏਹ ਪਤਾ ਹੁੰਦਾ ਕਿ ਆਪ ਨੇ ਸਿਰੀ ਬਾਬੂ ਜੀ ਸਾਹਿਬ ਨੂੰ ਉਸ ਗੁਸਤਾਖ਼ ਜੋੜੀ ਦੇ ਢਹੇ ਚਾਹੜਨਾ ਹੈ ਤਾਂ ਮੈਂ ਹਰਗਿਜ਼ ਆਪ ਨੂੰ ਐਸਾ ਕਰਨ ਦੀ ਇਜਾਜ਼ਤ ਨ ਦਿੰਦਾ ਅਤੇ ਬਾਬੂ ਸਾਹਿਬ ਨੂੰ ਭੀ ਮਨਹਿ ਕਰ ਦਿੰਦਾ। ਅਸਾਡਾ ਬਚਨ ਕੌਲ ਕਰਾਰ ਸੀ ਤਾ ਆਪ ਦੇ ਨਾਲ ਸੀ। ਆਪ ਦੇ ਮੁੰਡੇ ਕੁੜੀਆਂ ਨਾਲਿ ਅਸਾਡਾ ਕੋਈ ਵਾਸਤਾ ਨਹੀਂ ਸੀ। ਆਪ ਤੋਂ ਬਾਗ਼ੀ ਅਤੇ ਧਰਕਸ ਹੋਏ ਕੁਟੰਬੀਆਂ ਸਨਬੰਧੀਆਂ ਨੂੰ ਆਪ ਖ਼ੁਦ ਸੋਧਦੇ ਯਾ ਨਾ ਸੋਧਦੇ! ਬਾਬੂ ਜੀ ਨੂੰ ਵਿਚਿ ਪਾਉਣ ਦੀ ਅਤੇ ਓਹਨਾਂ ਦੇ ਰਾਹੀਂ ਆਪ ਦੇ ਮੁਨਹਰਫਾਂ ਨੂੰ ਮਨਾਉਣ ਦੀ ਕੀ ਲੋੜ ਸੀ ਆਪਣੀ ਫਸੀ ਤੁਸੀਂ ਆਪ ਨਬੇੜਦੇ। ਅਫਸੋਸ ਕਿ ਬਾਬੂ ਸਾਹਿਬ ਜੀ

> ਗੁਰਮਤਿ ਆਹਾਰ ਬਿਬੇਕ ਦੀ ਸੰਖੇਪ ਪਰਿਭਾਸ਼ਾ ਹੈ ਕਿ ਗੁਰਸਿੱਖ ਨੇ ਤਿਆਰ-ਬਰ-ਤਿਆਰ ਗੁਰਸਿੱਖ ਦੇ ਹੱਥ ਦਾ ਬਣਿਆ ਹੋਇਆ ਆਹਾਰ (ਖਾਣਾ) ਛਕਣਾ ਹੈ ਅਤੇ ਗ਼ੈਰ-ਅੰਮ੍ਰਿਤਧਾਰੀ ਅਤੇ ਰਹਿਤ ਵਲੋਂ ਢਿੱਲਿਆਂ ਪਾਸੋਂ ਛਕਣ ਤੋਂ ਗੁਰੇਜ਼ ਕਰਨਾ ਹੈ। ਇਹ ਬਹੁਤ ਮਹੱਤਵਪੂਰਨ ਰਹਿਤ ਹੈ ਜੋ ਖ਼ਾਲਸਾ ਪੰਥ ਨੂੰ ਆਨਮਤੀਆਂ ਨਾਲ ਮਿਲਗੋਭਾ ਹੋਣ ਤੋਂ ਬਚਾਉਂਦੀ ਹੈ। ਇਸ ਰਹਿਤ ਵਿਚ ਪਰਪੱਕ ਹੋਏ ਬਿਨਾਂ ਗੁਰੂ ਸਾਹਿਬ ਵਲੋਂ 'ਨਿਆਰੇ' ਰਹਿਣ ਦਾ ਹੁਕਮ ਪੂਰਾ ਨਹੀਂ ਹੋ ਸਕਦਾ। ਅੱਜ ਪੰਥ ਦੀ ਜੋ ਤਰਾਸਦੀ ਹਾਲਤ ਹੈ, ਉਸ ਦਾ ਇਕ ਕਾਰਨ ਇਹ ਵੀ ਹੈ ਕਿ ਪੰਥ ਨੇ ਆਪਣਾ ਨਿਆਰਾਪਨ ਤਿਆਗ ਦਿੱਤਾ ਹੈ। ਜਦੋਂ ਤੱਕ ਖ਼ਾਲਸਾ ਨਿਆਰਾ ਰਹੇਗਾ, ਉਦੋਂ ਤੱਕ ਗੁਰੂ ਸਾਹਿਬ ਆਪਣੀ ਪੂਰੀ ਸ਼ਕਤੀ ਦੇਣਗੇ ਪਰ ਜਦੋਂ ਇਹ ਬਿਪਰਾਂ ਅਤੇ ਆਨਮਤੀਆਂ ਦੀ ਰੀਤੀ ਅਪਨਾ ਲਵੇਗਾ, ਉਦੋਂ ਗੁਰੂ ਸਾਹਿਬ ਸਾਰਾ ਤੇਜ ਭਾਵ ਸ਼ਕਤੀ ਖਿੱਚ ਲੈਣਗੇ।

ਦੀ ਗੁਰਮੁਖਤਾਈ ਦਾ ਨਾਜਾਇਜ਼ ਫ਼ਾਇਦਾ ਉਠਾਕੇ ਆਪ ਆਪਣੀਆਂ ਉਲਝਨਾ ਨੂੰ ਓਹਨਾਂ ਦੇ ਜ਼ੁਮੇ ਮੜਦੇ ਹੋ ਅਤੇ ਉਲਟਾ ਉਲਾਂਭਾ ਦਿੰਦੇ ਹੋ ਕਿ ਬਾਬੂ ਜੀ ਨੇ ਆਪ ਦੀ ਸਹਾਇਤਾ ਨਹੀਂ ਕੀਤੀ। ਆਪ ਜੀ ਦਾ ਬਾਬੂ ਜੀ ਤੋਂ ਸਹਾਇਤਾ ਲੈਣ ਦਾ ਏਹ ਭਾਵ ਸੀ ਕਿ ਆਪ ਦੇ ਧੀ ਜਵਾਈ ਦੀਆ ਕੀਤੀਆਂ ਅਨੀਤੀਆਂ ਅਤੇ ਓਹਨਾਂ ਵਲੋਂ ਕਾਰਜ ਵਿਚ ਵਿਘਨਕਾਰੀਆਂ ਹੋਣਵਾਲੀਆਂ ਕੁਚਾਲਾ ਨੂੰ ਵੇਖ ਕੇ ਅਤੇ ਓਹਨਾਂ ਵਲੋਂ ਅਗੇ ਢਾਹੀਆਂ ਅਉਕੜਾਂ ਨੂੰ ਵੇਖਕੇ ਇਸ ਸਾਰੀ ਕਾਰ ਰਵਾਈ ਨੂੰ ਫਸਖ਼ ਕਰ ਕਰਵਾ ਦਿੰਦੇ ਅਤੇ ਆਪ ਦੀ ਆੜ ਫਾਥੀ ਜਿੰਦੜੀ ਨੂੰ ਅਜ਼ਾਬੋ ਤੁੜਾ ਦਿੰਦੇ। ਆਪ ਨੇ ਜੋ ਏਹ ਉਲਾਂਭਾ ਦਿਤਾ ਸੀ ਕਿ ਬਾਬੂ ਜੀ ਨੇ ਅਸਲ ਹਾਲਾਤ ਦਸੇ ਨਹੀ ਓਹਨਾਂ ਨੂੰ ਕੁਝ ਕਹਿੰਦੇ ਰਹੇ ਤੇ ਮੈਨੂੰ ਕੁਝ ਦਸਦੇ ਰਹੇ ਅਤੇ ਇਸ ਬਿਧ ਆਪ ਨੇ ਸਿਰੀ ਬਾਬੂ ਜੀ ਦੀ ਪਵਿਤਰ ਜ਼ਾਤ ਉਤੇ ਦੁਮੂੰਹੀ ਹੋਣ ਦਾ ਦੂਸ਼ਨ ਲਾਇਆ। ਏਹ ਸਰਾਸਰ ਆਪ ਦਾ ਬੇਹੂਦਾ ਇਲਜ਼ਾਮ ਸੀ ਜੋ ਆਪ ਨੇ ਸਿਰੀ ਬਾਬੂ ਜੀ ਸਾਹਿਬ ਉਪਰ ਲਾਇਆ। ਸਿਰੀ ਬਾਬੂ ਜੀ ਨੇ ਸਾਫ਼ ਮੈਨੂੰ ਆ ਕੇ ਦਸਿਆ ਕਿ ਓਹ ਇਨਕਾਰੀ ਹਨ! ਬਾਗੀ ਹਨ ਸਰਕਸ਼ ਹਨ। ਓਹਨਾਂ ਦੀ ਸ਼ਰਾਫ਼ਤ ਨੇ ਏਹ ਗੁਮਾਨ ਨਹੀਂ ਕੀਤਾ ਕਿ ਓਹ ਆਪ ਦੇ ਕੀਤੇ ਹੋਏ ਅਤੇ ਬਣਾਏ ਹੋਏ ਬਾਗ਼ੀ ਹਨ ਯਾ ਆਪ ਦੇ ਮੁਕਰਾਏ ਹੋਏ ਇਨਕਾਰੀ ਹਨ। ਹਾਂ ਓਹਨਾਂ ਨੇ ਜੋ ਆਪ ਦੇ ਨਾਲਿ ਧ੍ਰੋਹ ਕਮਾਇਆ ਅਤੇ ਅਸਲੀ ਹਾਲਾਤ ਉਤੇ ਪੜਦਾ ਪਾਇਆ ਤਾਂ ਏਹ! ਕਿ ਉਹਨਾਂ ਨੇ ਆਪ ਦੇ ਸਆਦਮੰਦਾਂ ਵਲੋਂ ਓਹਨਾਂ ਦੇ ਨਾਲਿ ਹੋਈ ਬੇਪਤੀ ਦਾ ਜ਼ਿਕਰ ਨਹੀਂ ਕੀਤਾ। ਇਸ ਬਦਸਲੂਕੀ ਦੀ ਬਾਰਤਾ ਦਸਣੋ ਜੋ ਓਹਨਾ ਨੇ ਸੰਕੋਚ ਕੀਤਾ ਇਸ ਕਰਕੇ ਨਹੀਂ ਕੀਤਾ ਕਿ ਐਸਾ ਦਸਣ ਵਿੱਚ ਓਹਨਾਂ ਦੀ ਹਤਕ ਆਸ਼ਕਾਰ ਹੋ ਜਾਵੇਗੀ। ਬਲਕੇ ਏਸ ਕਰਕੇ ਨਹੀਂ ਕੀਤਾ ਕਿ ਮਤੇ ਪ੍ਰੀਤਿ ਗੰਢਾ ਵਿੱਚ ਪਾੜੇ ਨਾ ਪੈ ਜਾਣ ਅਤੇ ਆਪ ਜੀ ਯਾ ਦਾਸ ਦੀ ਲੌਹੇ ਦਿਲ ਉਤੇ ਨਵੀਨ ਮੁਹੱਜ਼ਬਾ ਦੀ ਤਹਿਜ਼ੀਬ (ਬਦਇਖ਼ਲਾਕੀ) ਦਾ ਕੌੜਾ ਨਕਸ਼ ਨਾ ਜਮ ਜਾਵੇ ਅਤੇ ਓਹਨਾਂ ਉਤੇ ਤੁਸਾਡੀ ਨਾਰਾਜ਼ਗੀ ਤੇ ਪਹਾੜ ਨਾਜ਼ਲ ਨਾ ਹੋ ਜਾਣ। ਪਰ ਉਹਨਾਂ ਨੂੰ ਏਹ ਕੀ ਪਤਾ ਸੀ ਕਿ ਸਭ ਕੁਝ ਆਪ ਦੇ ਇਸ਼ਾਰੇ ਨਾਲ ਹੀ ਹੋ ਰਿਹਾ ਸੀ। ਆਪ ਨੂੰ ਆਪ ਦੇ ਕਿਸੇ ਭੀ ਗੁਰਸਿੱਖ ਵੀਰ ਦੀ ਬੇਪਤੀ ਦਾ ਅਹਿਸਾਸ ਹੀ ਨਹੀਂ। ਇਸ ਦਾ ਸਬੂਤ ਏਹ ਹੈ ਕਿ ਆਪ ਨੂੰ ਕਮ ਅਜ਼ ਕਮ ਏਹ ਪਤਾ ਲਗ ਚੁਕਾ ਸੀ ਕਿ ਬੇਅੰਤ ਨੇ ਇਕ ਗੁਸਤਾਖ਼ਾਨਾ ਚਿਠੀ ਮੈਨੂੰ ਲਿਖੀ ਹੈ ਜਿਸਦੀ ਤਰਗ਼ੀਬ (provocation) ਦੇ ਕਾਰਨ (ਜੈਸਾ ਕਿ ਆਪ ਨੇ ਲਿਖਿਆ ਸੀ) ਦਾਸ ਨੂੰ ਆਪ ਪ੍ਰਤੀ ਉਕਤ ਸੋਧਕ ਪਾਤੀ ਲਿਖਣੀ ਪਈ ਸੀ ਜੋ ਕੇ ਸਿਰੀ ਬਾਬੂ ਜੀ ਸਾਹਿਬ ਖ਼ੁਦ ਆਪਣੇ ਹੱਥੀਂ ਲੈ ਕੇ ਆਪ ਦੇ ਪਾਸ ਨਿਰਵਾਣੇ ਪਹੁੰਚੇ ਸੀ। ਪਰ ਹੈਰਾਨੀ ਅਤੇ ਪ੍ਰਮ ਨਮੋਸ਼ੀ ਵਾਲੀ ਗਲ ਏਹ ਹੈ ਕਿ ਆਪ ਨੇ ਅਜ ਤਾਈ ਬੀਬੀ ਬੇਅੰਤ ਪਾਸੋਂ ਉਸ ਗੁਸਤਾਖ਼ਾਨਾ ਚਿਠੀ ਦੀ ਤਲਾਫ਼ੀ ਨਹੀਂ ਕਰਾਈ। ਤਲਾਫ਼ੀ ਤਾਂ ਕੀ ਕਰਾਉਣੀ ਸੀ ਕੈਫ਼ੀਅਤ (explanation) ਭੀ ਤਲਬ ਨਹੀਂ ਕੀਤੀ। ਸਗੋਂ ਅਗੇ ਨਾਲੋਂ ਭੀ ਦੁਗਣੇ ਪਿਆਰ ਅਤੇ ਸਨਮਾਨ ਨਾਲਿ ਉਸ ਨੂੰ ਗਲ ਲਾਈ ਰਖਿਆ। ਤਾਂ

ਹੈ ਨਾ ਮੇਰਾ ਕੋਈ ਲੜਕਾ ਲੜਕੀ ਆਪ ਦੀ ਇਸ ਬਿਧਿ ਬੇਹੁਰਮਤੀ ਕਰਦਾ ਤਾਂ ਫੇਰ ਆਪ ਦੇਖਦੇ ਮੈਂ ਓਹਨਾਂ ਦੀ ਕੀ ਖੁੰਬ ਠਪਦਾ ਓਹਨਾਂ ਨੂੰ ਇਕ ਦੰਮ ਤਲਾਂਜਲੀ ਦੇ ਦਿੰਦਾ ਜਦ ਤਾਂਈ ਓਹ ਆਪ ਤੋਂ ਮੁਆਫੀ ਨਾ ਮੰਗ ਲੈਂਦੇ। ਮੈਂ ਓਹਨਾਂ ਨੂੰ ਆਪਣੇ ਮੂੰਹ ਨਾ ਲਾਉਂਦਾ। ਪਰ ਏਹ ਕੁਛ ਓਹੀ ਗੁਰੂ ਦਾ ਸਿੱਖ ਕਰ ਸਕਦਾ ਹੈ ਜਿਸ ਨੂੰ ਕੁਟੰਬ ਦੇ ਮੋਹ ਮਮਤਾ ਵਾਲੇ ਮਾਯਾਵੀ ਪਿਆਰ ਨਾਲੋਂ ਗੁਰਸਿੱਖਾਂ ਦੇ ਪਰਮਾਰਥੀ ਪ੍ਰੇਮ ਵਾਲਾ ਨਾਤਾ ਵਧੀਕ ਪਿਆਰਾ ਅਤੇ ਪੁਨੀਤ ਪਰਤੀਤ ਹੁੰਦਾ ਹੋਵੇ। ਇਸ ਦੇ ਉਲਟ ਆਪ ਨੇ ਕੀ ਕੀਤਾ। ਆਪ ਨੇ ਸਿਰੀ ਬਾਬੂ ਜੀ ਸਾਰਖੇ ਅਤੇ ਪਿਆਰੇ (ਆਪ ਦੇ ਪ੍ਰੇਮ ਪਿਆਰੇ) ਗੁਰਮੁਖ ਗੁਰਸਿਖਾਂ ਨਾਲੋਂ ਹਮੇਸ਼ਾਂ ਲਈ ਦੋ ਟੂਕ ਸਿੱਖੀ ਸਹੋਦਰਤਾ ਵਾਲੇ ਪਿਆਰ ਦਾ ਨਾਤਾ ਦੋ ਟੂਕ ਤੋੜਿ ਲਿਆ ਪਰ ਆਪ ਤੋਂ ਬੇਮੁਖ, ਗੁਰੂ ਤੋਂ ਬੇਮੁਖ ਬਾਗ਼ੀ ਅਤੇ ਸਰਕਸ਼ ਸੰਸਾਰੀ ਕੁਟੰਬੀਆਂ ਨਾਲੋਂ ਰਿਸ਼ਤਾ ਨਹੀਂ ਤੋੜਿਆ (ਨੋਟ:-ਆਪ ਦੇ ਪਰਲੇ ਦਰਜੇ ਦੇ ਪਿਆਰ ਇਜ਼ਹਾਰ ਦੀਆ ਚਿਠੀਆਂ ਜੋ ਆਪ ਨੂੰ ਸਿਰੀ ਬਾਬੂ ਜੀ ਦੇ ਪ੍ਰੇਮ ਪ੍ਰਥਾਇ ਆਪਣੀ ਹੱਥੀ ਲਿਖੀਆਂ ਹਨ ਅਸਾਡੇ ਪਾਸ ਹੁਣ ਤਕ ਹੂਬਹੂ ਰਖੀਆਂ ਪਈਆਂ ਹਨ) ਆਪ ਦੇ ਦਾਸ ਪ੍ਰਤੀ ਪ੍ਰਗਟਾਈ ਸਨਮਾਨ ਅਤੇ ਪ੍ਰੇਮ ਪਰਮਾਰਥੀ ਦੇ ਜਜ਼ਬੇ ਸਭ ਕੁਰਬਾਨ ਕਰ ਦਿਤੇ ਪਰ ਮੋਹ ਮਮਤਾਵੀ ਪਿਆਰਾਂ ਨੂੰ ਜਫੇ ਪਾਈ ਰਖੇ। ਆਪ ਨੇ (ਆਪ ਦੀ ਆਪਣੀ ਕਹਿਣੀ ਕਥਨੀ ਅਨੁਸਾਰ) ਆਪਣੀ ਪੂਜਯ ਹੋਲੀਨੈਸ (Holiness) ਨੂੰ ਪਾਵਾਂ ਤਲੇ ਰੌਂਦ ਛਡਿਆ ਅਤੇ ਸਾਰੀ ਆਯੂ ਲਈ ਤੋੜੇ ਵਿਛੋੜੇ ਕਰ ਲਏ। ਪਰ ਨਾ ਅਸਥਿਰ ਰਹਿਣ ਵਾਲੇ ਮਮਤਾ ਦੇ ਜਾਲ ਨੂੰ ਨਹੀਂ ਤੋੜ ਸਕੇ। ਆਪ ਨੇ ਪ੍ਰੇਮ ਪੁਨੀਤ ਗੁਰਸਿੱਖਾਂ ਵਾਲੀ ਪਰਮਾਰਥ ਦੇ ਅਜ਼ਲੀ ਅਬਦੀ ਪੈਵੰਦ ਵਾਲੀ ਪਰਤਗਿਆ ਨੂੰ ਤੋੜ ਲਿਆ ਪਰ ਮਾਇਆ ਮਾਣ ਮਮਤਾ ਵਾਲੀ ਕਾਣ ਕਨੌਡੀ ਬੰਧਨੀ ਦੇ ਰਿਸ਼ਤਿਆਂ ਨੂੰ ਨਹੀਂ ਤੋੜਿਆ। ਪਰਮਾਰਥੀ ਪੈਵੰਦ ਪਰਤਗਿਆ ਨੂੰ ਨਬਾਹੁੰਦੇ ਹੋਏ ਆਪ ਦੇ ਸੰਸਾਰੀ ਪੈਵੰਦ ਭੀ ਅਸਥਿਰ ਹੀ ਰਹਿਣੇ ਸੀ। ਟੁਟਦੇ ਨਹੀਂ ਸੀ। ਏਹ ਭੀ ਆਪ ਨੂੰ ਅਗਿਆਨ ਭਰਮ ਹੀ ਸੀ। ਅਛਾ ਜੋ ਕੁਛ ਹੋਇਆ ਸੋ ਵਾਹੁ ਵਾਹੁ !! ਬੀਬੀ ਬੇਅੰਤ ਦੀ ਪਰਵਾਨ ਪਈ impertinance ਦਾ ਸਹਾਰਾ ਲੈ ਕੇ ਆਪ ਨੇ ਇਕ ਹੋਰ ਮਨਜ਼ੂਰ ਨਜ਼ਰ ਨੌ ਨਿਹਾਲ ਨੂੰ ਭੀ ਖੁਲਮ ਖੁਲੀ ਸਰਕਸਾਨਾ ਗੁਸਤਾਖ਼ੀ ਕਰਨ ਦਾ ਹੌਸਲਾ ਪੈ ਗਇਆ ਓਹ ਵੰਨਗੀ ਤਾਂ ਹੂਬਹੂ ਹੀ ਆਪ ਦੇ ਪੇਸ਼ ਕਰਨੀ ਪਈ। ਲਉ ਇਸ ਪਾਤੀ ਦੇ ਨਾਲ ਆਪ ਦੇ ਅਜ਼ੀਜ਼ ਰਣਬੀਰ ਲਫਟੈਣ ਦੀ ਲਾਅਨਤ ਪਾਤੀ ਭੀ ਭੇਜਦਾ ਹਾਂ। ਜ਼ਰਾ ਪੜ ਕੇ ਹੋਰ ਦਿਲ ਠਾਰ ਲੈਣਾ। ਉਸਦੇ ਨਾਲ ਹੀ ਇਕ ਹੋਰ ਕਸ਼ਫ਼ਨਾਮਾ ਉਰਦੂ ਵਿੱਚ ਕਿਸੇ ਗਰੇਵਾਲ ਦਾ ਲਿਖਿਆ ਹੋਇਆ ਭੇਜਦਾ ਹਾਂ ਜੋ ਆਪਦੀ ਅਖਾਉਤੀ ਮਿਤ੍ਰਚਾਰੀ ਦੇ ਕਰਤੂਤ ਕਾਰਨਾਮੇ ਅਫ਼ਸ਼ਾਂ ਕਰੇਗਾ। ਆਪ ਦਾ 'ਲਉ ਹੁਣ ਨਾਂਹ ਕਰਦਾ ਹਾਂ' ਵਾਲਾ ਮੁਨਕਰਨਾਮਾਂ ਅਫ਼ਸੋਸ ਕਿ ਬਹੁਤ ਪਿਛੇਤਾ ਹਥ ਲੱਗਾ। ਏਹ ਬੰਦ ਕੀਤਾ ਕਤਾਇਆ ਲਫ਼ਾਫ਼ਾ ਕਿਤੇ ਮੇਰੀ ਗੈਰਹਾਜ਼ਰੀ ਵਿਚਿ ਆਉਣ ਕਰਕੇ ਡੈਕਸ ਦੇ ਕਿਸੇ ਖੂੰਜੇ ਹੀ ਹੁਣ ਤਾਂਈ ਗੁਪਤ ਹੋਇਆ ਪਿਆ ਰਿਹਾ। ਲਭ ਥਿਆਉਣ ਪਰ ਜਦੋਂ ਪੜਿਆ ਭੀ ਤਾਂ ਭੀ ਉਪਰ ਮਾਰਜਨ ਵਿਚਿ ਲਿਖੇ 'ਲਉ ਹੁਣ ਨਾ ਤੇ ਕਰਦਾ ਹਾਂ' ਦੇ ਅਖਰ ਨਿਗਾਹ ਵਿਚਿ ਹੀ ਨਾ ਚੜੇ।

ਮੈਂ ਭੀ ਦੋ ਤਿੰਨ ਵਾਰ ਪੜਿਆ ਫੇਰ ਬਾਬੂ ਜੀ ਦੋ ਤਿਨ ਵਾਰ ਪੜਿਆ ਤਾਂ ਏਹ ਅਖਰ ਹਰ ਵਾਰ ਉਕੇ ਹੀ ਉਕਦੇ ਰਹੇ। ਫੇਰ ਜਦ ਦੋਹਾਂ ਨੇ ਰਲਕੇ ਚੌਥੀ ਵਾਰ ਪੜਿਆ ਤਾਂ ਏਹ ਅਖਰ ਦ੍ਰਿਸ਼ਟੀ ਗੋਚਰ ਹੋਏ। ਸ਼ੁਕਰ ! ਲਖ ਲਖ ਵਾਰ ਸ਼ੁਕਰ ! ਕਿ ਨਾਨਕਾਰ ਦੀ Committal ਅਸਾਡੇ ਵਲੋਂ ਨਹੀਂ ਹੋਈ। ਅਤੇ ਆਪ ਨੇ ਪਹਿਲ ਕੀਤੀ। ਅਤੇ ਜਿਵੇਂ ਇਨਕਾਰ ਕਰਨ ਕਰਾਉਣ ਦਾ ਨਾਨਾ ਪ੍ਰਕਾਰੀ ਵਿੰਗੇ ਟੇਢੇ ਤਰਲੇ ਆਪ ਲੈਂਦੇ ਰਹੇ ਅਤੇ ਹੋਰਨਾਂ ਦੇ ਰਾਹੀਂ ਲੈਂਦੇ ਰਹੇ ਓਹ ਓੜਕ ਆਪ ਦੇ ਮੂੰਹੋਂ ਹੀ ਫੁਟ ਫੁਟ ਕੇ ਨਿਕਲੀ। ਪਰ ਏਹ ਸੁਣਾਉਣੀ ਬੀਬੀ ਦੇ ਵਾਲਦੈਨ ਨੂੰ ਸੁਣਾਉਣ ਦਾ ਹੁਣ ਦਾਸ ਨੂੰ ਕੋਈ ਅਧਿਕਾਰ ਨਹੀਂ। ਨਾਂਹੀ ਮੇਰਾ ਹੀਆਂ ਪੈਂਦਾ ਹੈ। ਆਪ ਜਿਸ ਜ਼ੁਬਾਨ ਮੁਬਾਰਕ ਨਾਲਿ ਆਪਣੇ ਕੁੜਮਾਂ ਨੂੰ ਆਪ ਆਕੇ ਆਨੰਦ ਦੀਆਂ ਤ੍ਰੀਕਾਂ ਦੀ ਬਦਲੀ ਮਨਵਾ ਗਏ ਸੀ। ਹੁਣ ਆਪ ਹੀ ਆਪਣੀ ਓਸੇ ਪਵਿਤਰ ਰਸਨਾ ਨਾਲਿ ਓਹਨਾਂ ਨੂੰ ਆਕੇ ਏਹ ਨਮੀ ਸੁਣਾਉਣੀ ਸੁਣਾ ਜਾਓ।

ਮੈਨੂੰ ਸੁਣਾਉਣ ਦਾ ਕੋਈ ਅਧਿਕਾਰ ਨਹੀਂ ! ਨਾਂਹੀ ਮੇਰਾ ਮਕਦੂਰ ਹੈ ਕਿ ਆਪ ਦੇ ਕੀਤੇ ਤੇ ਕੌਲ ਕਰਾਰਾਂ ਨੂੰ ਉਲਟ ਸਕਾਂ। ਮੈਂ ਆਪਣੇ ਨਾਲਿ ਬੀਤਣ ਵਾਲੀ ਬੀਤਣੀ ਆਪ ਬਤਾ ਲਵਾਂਗਾ। ਖਰੀ ਖਤ ਏਥੇ ਤਾਈ ਹੀ ਨੌਬਤ ਪਹੁੰਚੇਗੀ ਕਿ ਮੈਨੂੰ ਨਾਰੰਗਵਾਲ ਛਡਣਾ ਪਊ। ਭਾਈ ਕਿਸੇ ਕੰਦਰਾਂ ਵਿਚਿ ਜਾ ਲੁਕਾਂਗੇ। ਯਾ ਹੋਰ ਕਿਤੇ ਸਿਰ ਲਕਾਉਣ ਨੂੰ ਗੁਰੂ ਕੋਈ ਥਾਉ ਦੇ ਦਊ। ਪਰ ਜੀਉਂਦੇ ਜੀ ਆਪ ਦੇ ਮੱਥੇ ਨਹੀਂ ਲਗਾਂਗਾ। ਪਰ ਤ੍ਰਾਸ ਹੈ ਤਾਂ ਏਹ ਹੈ ਕਿ ਓਸ ਨਿਰਦੋਸ਼ ਅਤੇ ਮਾਅਸੂਮ ਬਚੀ ਦੀ ਕਿਸਮਤ ਦਾ ਕੀ ਹਸ਼ਰ ਹੋਵੇਗਾ। ਆਨੰਦ ਦਿਨ ਨੀਯੰਤਨੀ ਘੜੀਆ ਤੋ ਵਾਂਜੀ ਗਈ ਅਤੇ ਪਰਸਿਧ ਹੋ ਚੁਕੇ ਸਸੁਰ ਸਸੁਰਾਲ ਵਲੋਂ ਤਲਾਂਜਲੀ ਮਈ ਸਾਹੇ ਬਧੀ ਬੇਕਸੂਰ ਕੰਨਿਆ ਨੂੰ ਹੁਣ ਕਉਣ ਕਬੂਲੇਗਾ। ਸਾਊਆਂ ਦੀ ਸਨਤਾਨ ਵਾਲੀ ਸ੍ਰੇਸ਼ਟ ਸਭਿਅਤਾ ਵਿਚਿ ਨਿਪੁੰਨ ਹੋਈ ਏਹ ਪਾਕ ਪ੍ਰਨੀਤ ਇਕੋ ਦਰ ਘਰ ਨਿਰਭਰ ਸੰਤੁਸ਼ਟਨੀ ਕੰਨਿਆ ਦੂਤੀ ਵਰ ਘਰ ਸਹੇੜ ਕਿਵੇਂ ਕਬੂਲੇਗੀ !! ਮੇਰੇ ਰਾਂਹੀ ਹੋਏ ਵਰ ਘਰ ਸੰਜੋਗਾ ਤੋਂ ਆਪ ਵਲੋਂ ਦੁਰਕਾਰੇ ਹੋਏ ਇਸ ਛੁੱਟੜ ਕੰਨਿਆ ਦੇ ਦੁਖੀ ਵਾਲਦੇਨ ਖਬਰੇ ਕੀ ਕੁਛ ਕਰਿ ਗੁਜ਼ਰਨ ਸਭ ਪਾਪ ਆਪ ਦੇ ਸਿਰ ਹੀ ਧਰਨਗੇ।

ਆਪ ਦੇ ਸਨਬੰਧੀਆਂ ਨਿਕਟਵਰਤੀਆਂ ਵਲੋਂ ਇਸ ਬਚੀ ਅਸਲੇ ਨੂੰ ਊਜਾ ਲਾਉਣ ਵਾਲਾ ਪਾਪ ਭੀ ਆਪ ਦੇ ਸਿਰ ਹੀ ਵਰਹੇਗਾ॥ ਜਿਸ ਦਾ ਲੇਖਾ ਆਪ ਸਾਰਿਆਂ ਨੂੰ ਰਲ ਮਿਲ ਕੇ ਦੇਣਾ ਪਵੇਗਾ। ਇਸ ਮਾਅਸੂਮਾਂ ਦੀਆਂ ਦੁਅਗੀ ਉਮਰ ਦੀਆ ਦੁਰਾਸੀਸਾਂ ਵਰਨਗੀਆਂ ਤਾਂ ਆਪ ਦੇ ਸਿਰ ਤੇ ਵਰਨਗੀਆਂ। ਮੈਂ ਹੈਰਾਨ ਹਾਂ ਕਿ ਆਪ ਦੀ ਜਿੰਦ ਅਜ਼ਾਬਾਂ ਤੋਂ ਕਿਵੇਂ ਛੁਟ ਜਾਏਗੀ। ਬੁਲੇ ਸ਼ਾਹ ਦਾ ਟੱਪਾ ਗਾਏ ਤੇ ਆਜ਼ਾਬਾਂ ਤੋਂ ਬੰਦ ਖਲਾਸੀ ਨਹੀਂ ਹੋ ਸਕਦੀ ਅਤੇ ਮੇਰਾ ਆਪਣਾ ਹਿਰਦਾ ਜੋ ਆਪ ਨੇ ਦੁਖੀ ਕੀਤਾ ਹੈ। ਕੀ ਇਸ ਹਿਰਦੇ ਦੇ ਦੁਖਾਂ ਸੇਤੀ ਸੁਲਘਦੇ ਰਹਿਣ ਦੀ ਦਸ਼ਾਂ ਵਿਚਿ ਆਪ ਸੁਖੀ ਰਹਿ ਸਕਦੇ ਹੋ। ਹਾਂ ਆਪ ਨੂੰ ਹੁਣ ਛਿੰਨ ਭੰਗਰੀ ਸੁਖ ਤਾਂ ਪ੍ਰਾਪਤ ਹੋ ਗਿਆ ਹੈ ਆਪ ਦੇ ਖੁਸ਼ ਕਬੀਲੇ ਨੂੰ ਖੁਸ਼ ਕਰਕੇ॥ ਪਰ ਆਪ ਦਾ ਏਹ ਸੁਖ ਫੂਸ ਵਾਲਾ ਹੀ ਨਿਘਾਸ ਹੈ। ਅੱਛਾ ਆਪ ਨੂੰ ਆਪਦਾ ਏਹ ਸੁਖ ਅਤੇ ਚੈਨ ਛਿਨ ਭੰਗਰੀ ਖੁਸ਼ੀ ਹੀ ਮੁਬਾਰਕ ਹੋਵੇ। ਅਸਾਡਾ ਤੁਸਾਡਾ ਏਤਨਾ ਹੀ ਸੁਪਨ ਮਾਤਰ ਹੀ ਸੰਜੋਗ ਸੀ। ਆਪ ਨੂੰ ਅਲਵਿਦਾ ਅਤੇ ਅਖੀਰੀ ਅਲਵਿਦਾ। ਭੁਲ ਚੁਕ ਖਿਮਾ ਕਰਨੀ ਪਿਛਲੀਆ ਅਨਾਚੇਤ ਯਾ ਬਚਨ ਕੁਬਚਨ ਵਾਲੀਆਂ ਸਾਰੀਆਂ ਭੁਲਾਂ ਮੁਆਫ਼ ਕਰਨੀਆ।

**"ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥"**

**ਆਪ ਦਾ ਸੰਜੋਗ ਵਿਯੋਗੀਅੜਾ ਵੀਰ**

**ਦਾਸ ਰਣਧੀਰ ਸਿੰਘ ॥**

# ਭਗਤ ਬਾਣੀ ਤੇ ਭੱਟ ਬਾਣੀ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਕਲਾਧਾਰੀ ਸਮਰੱਥ ਸਤਿਗੁਰੂ ਦੀ ਇਹ ਵੱਡੀ ਵਡਿਆਈ ਹੈ ਕਿ ਤਨਕ ਮਾਤ੍ਰ ਨਦਰ ਕਰੰਮੀ ਕ੍ਰਿਸ਼ਮਾ ਵਰਤਾ ਕੇ ਵਕੂਫ਼ ਹੀਣ ਗੁੰਗਿਆਂ, ਖਲ ਮੂਰਖਾਂ ਨੂੰ ਭੀ ਅਪ੍ਰੋਕਸ਼ ਗਿਆਨ ਦੀ ਤੱਤ ਅਵਸਥਾ ਦਾ ਸਾਖਸ਼ਾਤਕਾਰ ਕਰਾ ਦੇਣ। ਗੁਰੂ ਅੱਠਵੇਂ ਪਾਤਸ਼ਾਹ ਜੀ ਨੇ ਪੰਜੋਖਰੇ ਸਾਹਿਬ ਵਿਚ ਇਕ ਖਲ ਮੂਰਖ ਨੂੰ ਆਪਨੀ ਆਕਰਖਣੀ ਛਿਟੀ ਦਾ ਸਪੱਰਸ਼ ਕਰਾ ਗੂੜ੍ਹ ਸੰਸਕ੍ਰਿਤੀ ਸਪਤ-ਸਲੋਕੀ-ਗੀਤਾ ਦਾ ਤਤ-ਬੇਤਾ ਗਿਆਨ ਬਕਤਾ ਅਤੇ ਅਰਥ-ਬੋਧ-ਵਖਿਆਤਾ ਬਣਾ ਦਿਤਾ। ਓਹ ਤਤ-ਗਿਆਨ ਵਖਿਆਨ ਗੁਰੂ-ਕਲਾ ਦੁਆਰਾ ਵਰਤਿਆ। ਤਾਂ ਤੇ ਉਹ ਗੁਰ-ਸੱਤਾ ਵਾਲਾ ਗਿਆਨ ਵਖਿਆਨ ਸੀ, ਨਾ ਕਿ ਉਹ ਮੂਰਖ ਦਾ ਗਿਆਨ।

ਸੱਤੇ ਬਲਵੰਡ ਦੀ ਕਥਾ ਭੀ ਇਹੋ ਦਸਦੀ ਹੈ ਕਿ ਸਤੇ ਬਲਵੰਡ ਦੇ ਅੰਤਰ-ਆਤਮੇ ਸਤਿਗੁਰੂ ਨੇ ਅਗਾਧ ਕਲਾ ਵਰਤਾ ਕੇ ਉਨ੍ਹਾਂ ਦੇ ਮੁਖੋਂ 'ਸਤੇ ਬਲਵੰਡ ਕੀ ਵਾਰ' ਉਚਾਰਨ ਕਰਾਈ, ਨਹੀਂ ਸੱਤੇ ਬਲਵੰਡ ਦੀ ਕੀ ਸ਼ਕਤੀ ਸੀ ਬਾਣੀ ਉਚਾਰਨ ਦੀ। ਉਹ ਬਾਣੀ ਸਤੇ ਬਲਵੰਡ ਪ੍ਰਥਾਇਕ ਵਡਿਆਈ ਦੀ ਬਖਸ਼ੀਸ਼ ਵਾਲੀ ਬਾਣੀ ਹੋਣ ਕਰਿ, ਸਤੇ ਬਲਵੰਡ ਦੀ ਬਾਣੀ ਦੇ ਨਾਮ ਨਾਲ ਪ੍ਰਸਿੱਧ ਹੋਈ, ਪ੍ਰੰਤੂ ਵਾਸਤਵ ਵਿਚ ਹੈ ਉਹ ਗੁਰਬਾਣੀ ਤੇ 'ਆਖੀ ਬਲਵੰਡ ਤਥਾ ਸਤੇ ਡੂਮ ਨੇ'। ਅਖਵਾਈ ਸਮਰੱਥ ਸਤਿਗੁਰੂ ਕਲਾਧਾਰੀ ਨੇ। ਨਹੀਂ ਤਾਂ ਸੱਤੇ ਬਲਵੰਡ ਦੀ ਕੀ ਸਮਰੱਥਾ ਸੀ ?

ਸੱਤੇ ਬਲਵੰਡ ਦੀ ਕਥਾ ਭੀ ਇਹੋ ਦਸਦੀ ਹੈ ਕਿ ਸਤੇ ਬਲਵੰਡ ਦੇ ਅੰਤਰ-ਆਤਮੇ ਸਤਿਗੁਰੂ ਨੇ ਅਗਾਧ ਕਲਾ ਵਰਤਾ ਕੇ ਉਨ੍ਹਾਂ ਦੇ ਮੁਖੋਂ 'ਸਤੇ ਬਲਵੰਡ ਕੀ ਵਾਰ' ਉਚਾਰਨ ਕਰਾਈ, ਨਹੀਂ ਸੱਤੇ ਬਲਵੰਡ ਦੀ ਕੀ ਸ਼ਕਤੀ ਸੀ ਬਾਣੀ ਉਚਾਰਨ ਦੀ। ਉਹ ਬਾਣੀ ਸਤੇ ਬਲਵੰਡ ਪ੍ਰਥਾਇਕ ਵਡਿਆਈ ਦੀ ਬਖਸ਼ੀਸ਼ ਵਾਲੀ ਬਾਣੀ ਹੋਣ ਕਰਿ, ਸਤੇ ਬਲਵੰਡ ਦੀ ਬਾਣੀ ਦੇ ਨਾਮ ਨਾਲ ਪ੍ਰਸਿੱਧ ਹੋਈ, ਪ੍ਰੰਤੂ ਵਾਸਤਵ ਵਿਚ ਹੈ ਉਹ ਗੁਰਬਾਣੀ ਤੇ 'ਆਖੀ ਬਲਵੰਡ ਤਥਾ ਸਤੇ ਡੂਮ ਨੇ'। ਅਖਵਾਈ ਸਮਰੱਥ ਸਤਿਗੁਰੂ ਕਲਾਧਾਰੀ ਨੇ। ਨਹੀਂ ਤਾਂ ਸੱਤੇ ਬਲਵੰਡ ਦੀ ਕੀ ਸਮਰੱਥਾ ਸੀ ?

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥੩॥ ( ॥੫॥੧੨੬॥)**

**(ਗਉੜੀ ਮ. ੫, ਪੰਨਾ : ੨੦੬)**

ਤਾਂਤੇ ਗੁਰ-ਕਲਾ-ਕ੍ਰਿਸ਼ਮੀ ਹੋਣ ਕਰਿ ਸਤੇ ਬਲਵੰਡ ਵਾਲੀ ਬਾਣੀ ਗੁਰਬਾਣੀ ਹੈ।

ਭੱਟਾਂ ਵਿਚ ਕੀ ਸ਼ਰਧਾ ਸਮਰੱਥਾ ਸੀ। ਜੁਗ-ਜੁਗਾਂਤ੍ਰੀ ਚੁਰਾਸੀ ਦੇ ਗੇੜ ਵਿਚ ਭਰਮਦੇ ਭਟਕਦੇ ਵੇਦ-ਅਵਤਾਰੀ ਬ੍ਰਹਮੇ ਆਦਿਕ ਜੰਤ ਜੀਉੜੇ ਕਲਿਜੁਗ ਵਿਖੇ ਜਨਮ ਧਾਰ ਕਲਿਆਣ ਨਮਿੱਤ ਸਤਿਗੁਰੂ ਦੀ ਸ਼ਰਨ ਆਏ ਤਾਂ ਸਤਿਗੁਰੂ ਨੇ ਪਰਮ ਕਿਰਪਾ ਧਾਰ ਉਨ੍ਹਾਂ ਦਾ ਉਧਾਰ ਕੀਤਾ। ਨ ਸਿਰਫ਼ ਉਧਾਰ ਹੀ ਕੀਤਾ, ਬਲਕਿ ਧੁਰ ਹੁਕਮ ਰਜਾਈ ਲੀਲ੍ਹਾ ਚਲਤ ਵਰਤਾਇ ਕੇ ਜੁਗਾਂ ਪ੍ਰਯੰਤ ਕਾਇਮ ਰਹਿਣ ਵਾਲੀ, ਗੁਰ-ਕਲਾ-ਕ੍ਰਿਸ਼ਮੀ-ਨਜ਼ੀਰ ਖੜੀ ਕਰ ਲਈ, ਉਨ੍ਹਾਂ ਦੇ ਮੁਖੋਂ- ਹਾਂ ਜੀ ਉਨ੍ਹਾਂ ਦੇ ਨਵ-ਜਿੰਦ-ਜੀਵਨੀ ਮੁਖ ਤੋਂ ਅੰਮ੍ਰਿਤ ਬਾਣੀ ਦਾ ਸੋਮਾ ਸਰਸ਼ਾਰ ਕਰਾਇਆ। ਇਸ ਬਿਧਿ ਜੋਤਿ ਜੁਗਤੀ ਕਲਾ ਕਉਤਕ ਦੁਆਰਾ ਭੱਟਾਂ ਦੇ ਘਟਾਂ ਵਿਚੋਂ ਸਫੁਟ ਹੋਈ ਬਾਣੀ ਅੰਮ੍ਰਿਤ ਬਾਣੀ ਗੁਰਬਾਣੀ ਹੈ, ਨਾ ਕਿ ਭੱਟਾਂ ਦੀ ਉਚਾਰਨ ਕੀਤੀ ਹੋਈ ਭੱਟ-ਬਿਉਂਤ ਬਾਣੀ।

ਬਪੁੜੇ ਭੱਟ ਤਾਂ ਨਿਰੀਆਂ ਕਾਠ ਦੀਆਂ ਪੁਤਲੀਆਂ ਹੀ ਸਨ। ਜੰਤ ਬਜਾਵਨਹਾਰੇ ਜੰਤ੍ਰੀ ਗੁਰੂ ਸਮਰੱਥ ਆਪ ਸਨ। ਜੰਤਰ ਕਲਾ ਗੁਰੂ ਕੀ ਸ੍ਵੈ-ਕਉਤਕੀ ਨਿਜ ਵਰਤਾਈ ਹੋਈ ਕਲਾ ਸੀ। ਭੱਟਾਂ ਦੀ ਸੁਰਤੀ ਬਿਰਤੀ ਨੂੰ ਬ੍ਰਹਮਾਕਾਰ ਕਰਿ, ਸਤਿਗੁਰੂ ਸਮਰੱਥਾਵਾਨ ਨੇ ਹੁਕਮ ਅਕਾਲ, ਕਲਾ-ਕਉਤਕੀ-ਚਲਿਤ ਇਹ ਵਰਤਾਇਆ ਕਿ ਭੱਟਾਂ ਦੇ ਮੁਖ ਦੁਆਰਾ ਸੁਧਾਸਰੀ ਬਾਣੀ ਦਾ ਅੰਮ੍ਰਿਤ-ਫੁਹਾਰਾ ਚਲਵਾਇਆ। ਇਸ ਬਿਧਿ ਭੱਟਾਂ ਦੀ ਬਾਣੀ ਗੁਰਬਾਣੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅਵਤਰੀ।

ਸਤਿਗੁਰੂ ਨੇ ਸਤਿਨਾਮ ਦਾ ਚਕਰ ਫਿਰਾਇਆ ਹੈ ਅਤੇ ਗੁਰੂ ਰੂਪ ਸਮੱਗਰ ਬਾਣੀ ਨੇ ਭੀ ਸਤਿਨਾਮ ਹੀ ਦ੍ਰਿੜ੍ਹਾਇਆ ਹੈ। ਗੁਰਬਾਣੀ ਤੋਂ ਭਿੰਨ ਇਤਰ (ਹੋਰ) ਬਾਣੀਆਂ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅਵਤਰੀ ਗੁਰੂ ਬਾਣੀ ਰੂਪ ਭਗਤ ਬਾਣੀ ਤੋਂ ਭਿੰਨ ਭਗਤਾਂ ਰਚਿਤ ਆਨ (ਹੋਰ) ਬਾਣੀਆਂ ਨੇ ਸਤਿਨਾਮ ਨਹੀਂ ਦ੍ਰਿੜ੍ਹਾਇਆ, ਕ੍ਰਿਤਮ ਨਾਮਾਂ ਨੂੰ ਉਪਦੇਸ਼ਿਆ ਹੈ। ਅਤੇ ਸਤਿਗੁਰ-ਦੀਖਿਆ-ਰਹਿਤ ਭਗਤ ਜਨਾਂ ਨੇ ਸਤਿਨਾਮ ਦਾ ਚਕਰ ਨਹੀਂ ਫਿਰਾਇਆ, ਕ੍ਰਿਤਮ ਨਾਮਾਂ ਦਾ ਰਟਨ ਕਰਾਇਆ ਹੈ।

ਹੁਣ ਰਹੀ ਗੱਲ ਇਹ ਕਿ ਕਿਰਤਮ ਨਾਮ ਸਤਿਨਾਮ ਤੁਲ ਕਲਿਆਣ-ਕਾਰੀ ਹਨ ਯਾ ਨਹੀਂ ? ਇਹ ਇਕ ਵਖਰਾ ਚੈਪਟਰ (ਅਧਿਆਇ) ਹੈ। ਇਸ ਗੱਲ ਦੇ ਸਪੱਸ਼ਟ ਕਰਨ ਲਈ ਇਕ ਵਖਰੇ ਤੇ ਲੰਬੇ ਲੇਖ ਦੀ ਲੋੜ ਹੈ। ਪ੍ਰੰਤੂ ਇਥੇ ਇਤਨਾ ਲਿਖ ਦੇਣਾ ਪਰਮ ਜ਼ਰੂਰੀ ਹੈ ਕਿ ਮੁਕਤ-ਮਾਰਗ ਲਈ, ਅਪ੍ਰੋਕਸ਼ ਗਿਆਨ ਲਈ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫ਼ਿਲਾਸਫ਼ੀਆਂ ਨਾਲੋਂ ਕ੍ਰਿਤਮ ਨਾਮ ਦਾ ਅਭਿਆਸ ਭੀ ਲਖ ਦਰਜੇ ਗੁਣਕਾਰੀ ਹੈ, ਚਾਹੇ ਸਤਿਨਾਮ ਦੀ ਕਲਿਆਣ-ਕਲਾ ਦੇ ਤੁਲ ਨਹੀਂ। ਪ੍ਰੰਤੂ ਭਗਤੀ-ਮਾਰਗ ਦਾ ਮਰਕਜ਼ੀ ਨੀਸਾਣ ਹੋਣ ਕਰਿ ਕ੍ਰਿਤਮ ਨਾਮ ਭਗਤਿ-ਕਲਾ ਉਪਜਾਇਕ ਅਤੇ ਭਗਤਿ ਉਪਾਸ਼ਯ ਦੇ ਨਿਕਟ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾ ਅਧਿਕ ਸਹਾਈ ਹੈ। ਇਸ ਵਿਸ਼ੇ ਦਾ ਵਿਸਥਾਰ ਸਹਿਤ ਨਿਰਣਾ ਕਰਨ ਲਈ ਵਖਰਾ ਲੇਖ ਲਿਖਣਾ ਲਾਭਦਾਇਕ ਹੋਵੇਗਾ, ਸੋ ਕਿਸੇ ਗੁਰੂ ਪ੍ਰੇਰੇ ਸਮੇਂ ਅਨੁਸਾਰ ਇਸ ਨੂੰ ਭੀ ਲਿਖਾਂਗੇ।

## ‘ਸੋ ਕਹੀਅਤ ਹੈ ਸੂਰਾ’ ਡਿਜ਼ੀਟਲ ਰੂਪ ’ਚ ਪ੍ਰਾਪਤ ਕਰੋ

‘ਸੋ ਕਹੀਅਤ ਹੈ ਸੂਰਾ’ ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ ’ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ ‘ਸੋ ਕਹੀਅਤ ਹੈ ਸੂਰਾ’ ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ ‘ਸੋ ਕਹੀਅਤ ਹੈ ਸੂਰਾ’ ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ ‘ਸੋ ਕਹੀਅਤ ਹੈ ਸੂਰਾ’ ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 ’ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।

**SO KAHIYAT HAI SOORA is Online available at:**
**1.www.akj.org 2.www.akjmagazine.com**
**3.Face book 4.Whatsapp**





ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ ਲਾਸਾਨੀ ਸ਼ਹੀਦ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਗੁਰੂ ਕੇ ਸਮੂਹ ਲਾਲ ਪਿਆਰੇ ਲਾਸਾਨੀ ਸ਼ਹੀਦ ਸਿੰਘਾਂ ਦੀ ਪਵਿੱਤਰ ਯਾਦ ਵਿੱਚ

**ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਖੇ**

# ਅਖੰਡ ਕੀਰਤਨ ਸਮਾਗਮ

**ਮਿਤੀ 19 ਜੂਨ 2022 (ਦਿਨ ਐਤਵਾਰ)**

ਸਮਾਂ : ਅੰਮ੍ਰਿਤ ਵੇਲੇ 5.15 ਵਜੇ ਤੋਂ ਆਸਾ ਕੀ ਵਾਰ ਸਹਿਤ ਬਾਅਦ ਦੁਪਹਿਰ 2.00 ਵਜੇ ਤੱਕ

ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਦਰਸ਼ਨ ਦੇ ਕੇ ਕੀਰਤਨ ਸ੍ਰਵਣ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।
ਇਹ ਸਮਾਗਮ ਹਰ ਮਹੀਨੇ ਦੇ ਤੀਸਰੇ ਐਤਵਾਰ ਨੂੰ ਹੁੰਦੇ ਹਨ ਜੀ।

ਗੁਰੂ ਸੰਗਤਾਂ ਦੇ ਦਾਸਰੇ

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ**

ਸੰਪਰਕ : 93160-23874, 93577-23874, 98889-51166

ਸਹਿਯੋਗ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਮੈਨੇਜਰ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ

Postal Registration No.CHD/0178/2015-2017

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ"

# ਹੁਸ਼ਿਆਰਪੁਰ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

## 14 ਜੂਨ 2022 ਮੰਗਲਵਾਰ ਤੋਂ 17 ਜੂਨ 2022 ਦਿਨ ਸ਼ੁਕਰਵਾਰ ਤੱਕ

ਗੁਰੂ ਰੂਪ ਸਾਧ ਸੰਗਤ ਜੀਓ,

ਸ਼ਹੀਦਾ ਦੇ ਸਿਰਤਾਜ, ਸ਼ਾਤੀ ਦੇ ਪੁੰਜ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ, ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਅਤੇ ਲੋਕਲ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ 14 ਜੂਨ 2022 ਦਿਨ ਮੰਗਲਵਾਰ ਸਵੇਰੇ ਤੋਂ 17 ਜੂਨ ਦਿਨ ਸ਼ੁਕਰਵਾਰ ਸਵੇਰੇ ਤੱਕ ਹੇਠ ਦਰਸਾਏ ਪ੍ਰੋਗਰਾਮ ਅਨੁਸਾਰ **ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ** ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਸਨਿਮਰ ਜੋਦੜੀ ਹੈ ਕਿ ਸਾਰੇ ਸਮਾਗਮ ਵਿੱਚ ਹਾਜਰੀਆਂ ਭਰਕੇ ਕੀਰਤਨ ਦੇ ਲਾਹੇ ਲੈਣੇ ਅਤੇ ਮੰਨ, ਤੱਨ ਅਤੇ ਧੰਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈਣੀਆਂ ਜੀ।

### ਪ੍ਰੋਗਰਾਮ

14 ਜੂਨ 2022 ਦਿਨ ਮੰਗਲਵਾਰ
ਸਵੇਰੇ 4:00 ਵਜੇ ਤੋਂ 6:00 ਵਜੇ ਤੱਕ ਕੀਰਤਨ
ਆਸਾ ਦੀ ਵਾਰ ਉਪਰੰਤ ਅਰੰਭ ਅਖੰਡ ਪਾਠ ਸਾਹਿਬ।

16 ਜੂਨ 2022 ਦਿਨ ਵੀਰਵਾਰ
ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ
ਦੁਪਿਹਰ 2:00 ਵਜੇ ਤੱਕ

## ਕੀਰਤਨ ਰੈਣਿ ਸਬਾਈ

ਸ਼ਾਮ 7:00 ਵਜੇ ਸੋਦਰੁ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਅਰੰਭ ਹੋਕੇ 17 ਜੂਨ 2022 ਸਵੇਰੇ 4:00 ਵਜੇ ਸਮਾਪਤੀ ਹੋਵੇਗੀ



## ਅੰਮ੍ਰਿਤ ਸੰਚਾਰ

16 ਜੂਨ 2022 ਦਿਨ ਵੀਰਵਾਰ ਸ਼ਾਮ 8:00 ਵਜੇ ਗੁਰਦੁਆਰਾ ਧਰਮਸ਼ਾਲਾ, ਮੁੱਹਲਾ ਪ੍ਰੇਮਗੜ੍ਹ ਵਿਖੇ ਅਰੰਭ ਹੋਵੇਗਾ।

### ਜਰੂਰੀ ਬੇਨਤੀਆਂ

1) ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਵੇਗਾ ਜੀ।
2) ਅਨੰਦ ਕਾਰਜ ਕਰਵਾਉਣ ਵਾਲੇ ਜੋੜਿਆਂ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰਨ ਜੀ।
3) ਕੋਈ ਵੀ ਸੱਜਣ ਪ੍ਰਬੰਧ ਵਿਚ ਦਖਲ ਅੰਦਾਜੀ ਕਰਨ ਦੀ ਖੇਚਲ ਨਾ ਕਰੇ ਜੀ।

**ਦਾਸਰੇ : ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ**

**ਫੋਨ ਨੰ: 98151-31079 ਅਤੇ 9988441535**

ਪ੍ਰਿੰਟਰਜ਼ : ਸਮਨੋਲ ਕੁਆਲਿਟੀ ਪ੍ਰਿੰਟਰਜ਼, ਰੈਂਡ ਰੋਡ, ਹੁਸ਼ਿਆਰਪੁਰ (M) 9815552775